ਅਰਥਾਤ 'ਏਕੋ ਹੈ ਭਾਈ ਏਕੋ ਹੈ' ਇਸ ਭਾਂਤ ਦੀ ਏਕਤਾਈ ਦੀ ਦ੍ਰਿਸ਼ਟੀ ਨੂੰ ਵਿਰਲਾ ਗੁਰਮੁਖ ਹੀ ਪ੍ਰਾਪਤ ਕਰ ਸੱਕਦਾ ਹੈ। "ਜਿਸਨੋ ਦੇਇ ਕਿਰਪਾ ਤੇ ਸੁਖ ਪਾਏ। ਗੁਰੂ ਦੁਆਰੈ ਆਖਿ ਸੁਣਾਏ" ਜਿਸਨੂੰ ਭਗਵੰਤ ਸਤਿਗੁਰਾਂ ਦੀ ਰਸਨਾਂ ਦੁਆਰੇ ਉਪਦੇਸ ਕਰਵਾਕੇ ਇਸ ਏਕਤਾਈ ਦੇ ਭੇਦ ਨੂੰ ਸੁਨਵਾਵੇ ਉਹ ਗੁਰਮੁਖ ਹੀ ਪਰਮਾਤਮਾ ਤੇ ਪੂਰਣ ਗੁਰਾਂ ਦੀ ਮਿਹਰ ਕਰਕੇ ਇਸ ਏਕਤਾਈ ਵਿਖੇ ਇਸਥਿਤੀ ਦੇ ਪੂਰਣ ਅਬਿਨਾਸੀ ਸੁਖ ਨੂੰ ਪ੍ਰਾਪਤ ਹੋਸਕਦਾ ਹੈ।

"ਆਖਣੁ ਅਉਖਾ ਸੁਨਣੁ ਅਉਖਾ" ਇਸ ਏਕਤਾ ਦੇ ਪਰਮ ਸੁਖਦਾ ਵਰਨਣ ਕਰਨਾ ਕੋਈ ਸਹਲ ਬਾਤ ਨਹੀ ਹੈ-ਕਯੋਂਕਿ "ਉਹ ਰਸ ਜਾਣੇ ਜਿੰਦ" ਇਸ ਸਰੀਰ ਵਿਖੇ ਜੋ ਇਸ ਮੁਰਦੇ ਸਮਾਨ ਜੜ ਸਰੀਰ ਨੂੰ ਸਰਜੀਤ ਕਰਨ ਵਾਲੀ ਚੇਤਨ ਸੱਤਾ ਹੈ ਜਿਸਦੀ ਸੱਤਾ ਸਫੁਰਤੀ ਤੋਂ ਹੀਨੀ ਹੋਈ ਹੋਈ ਦੇਹ ਮਿੱਟੀ ਦੇ ਸਮਾਨ ਹੋਜਾਂਦੀ ਹੈ ਉਹ ਜਿੰਦ ਉਸ ਰਸ ਨੂੰ ਅਨੁਭਵ ਕਰਦੀ ਹੈ ਕਯੋਂ ਜੁ ਉਹ ਜਿੰਦ ਹੀ ਸਮਝਦਾ ਆਪਨਾ ਆਪ ਹੈ। ਚੰਗੀ ਤਰਾਂ ਚਿਤ ਨਾਲ ਅੰਦਰ ਧਿਆਨ ਕਰਕੇ ਦੇਖੀਏ ਤਾਂ ਇਹ ਪਤਾ ਲਗ ਸਕਦਾ ਹੈ:- ਜਦ ਕਿ ਅਖਾਂ ਮੀਟੀਆਂ ਹੋਈਆਂ ਹੋਨ ਅਤੇ ਕੋਈ ਜਨਾ ਕੁਛ ਗੱਲ ਸੁਨਾ ਰਿਹਾ ਹੋਵੇ ਤਾਂ ਉਸਦੀ ਵਾਜ ਨੂੰ ਕੰਨਾਂ ਵਿਚ ਦੀ ਪੌਂਚਿਆਂ ਉਸ ਗੱਲ ਦੇ ਮਤਲਬ ਨੂੰ ਕਿਸੇ ਗੁਪਤ ਚੀਜ ਨੇ ਪਛਾਨਿਆ ਹੈ ਜੋ ਪਛਾਨ ਕਰਕੇ ਰਸਨਾਂ ਨੂੰ ਪ੍ਰੇਰਦੀ ਹੈ ਕਿ ਉਸ ਗੱਲ ਦਾ ਇਹ ਉਤਰ ਦੇਹ। ਅਤੇ ਜਾਂ ਉਸ ਉਤਰ ਨੂੰ ਜਬਾਨ ਦੇ ਰਹੀ ਹੋਵੇ ਉਸ ਵੇਲੇ ਨਾਲ ਹੀ ਅੰਦਰ ਧਿਆਨ ਰਖਿਆਂ ਦੇਖੀਏ ਤਾਂ ਜਬਾਨ ਦੇ ਉਤਰ ਦੀ

ਭੇ ਮੋੜਵੇਂ ਉਤਰ ਦੇ ਸੁਨਨ ਲਈ ਕੰਨਾ ਦੀ ਸਾਵਧਾਨਤਾ ਦੀ ਖਵਰਦਾਰੀ ਕਰਦੀ ਹੋਈ ਭੀ ਉਹੀ ਕੋਈ ਚੀਜ ਮਲੂਮ ਹੁੰਦੀ ਹੈ-ਜਿਹੜੀ ਕਿ ਮੋੜਵੇਂ ਉਤਰ ਨੂੰ ਸੁਨਕੇ ਜੋ ਕੁਛ ਕਿ ਲੈਣ ਯਾ ਦੇਣ ਅਥਵਾ ਕਿਤੇ ਜਾਨ ਯਾ ਔਨ ਬਾਬਤ ਉਹ ਉੱਤਰ ਸੀ ਹੱਥਾਂ ਅਥਵਾ ਪੈਰਾਂ ਨੂੰ ਯਾ ਹੋਰ ਕਿਸੇ ਅੰਗ ਨੂੰ ਜਿਸ ਦੇ ਨਾਲ ਉਸ ਕਾਰਰਵਾਈ ਦਾ ਸਨਬੰਧ ਹੋਵੇ ਉਸ (ਉਤਰ) ਦੇ ਮੁਜਬ ਹਥਾਂ ਪੈਰਾਂ ਵਗੈਰਾ ਨੂੰ ਅੰਦਰੋਂ ਪ੍ਰੇਰਦੀ ਹੈ ਕਿ ਅਮਕੀ ਵਸਤੂ ਲੈ ਆਵੋ ਅਥਵਾ ਦੇ ਆਵੋ ਉਹ ਪ੍ਰੇਰਕ ਵਸਤੂ ਹੀ ਇਸ ਸਰੀਰ ਦੇ ਅੰਦਰ ਜਾਂਨ ਹੈ ਮਤਲਬ ਇਹ ਕਿ ਸਭ ਅੰਗਾਂ ਦੀ ਅਤੇ ਸ੍ਵਾਸ ਦੇ ਔਨ ਜਾਨ ਦੀ ਕਾਰਰਵਾਈ ਜਿਸ ਅੰਦਰਲੀ ਕਿਸੇ ਗੁਝੀ ਵਸਤੂ ਦੀ ਪ੍ਰੇਰਨਾ ਕਰਕੇ ਚੱਲ ਰਹੀ ਹੈ-ਅਰੁ ਜੋ ਇਨਾਂ ਅੰਗਾ ਅਤੇ ਪ੍ਰਾਣਾਂ ਦੀ ਕਾਰਰਵਾਈ ਦੇ ਜਥੋਂਕ ਭਨੇਂ ਹੋਨ ਅਥਵਾ ਮੂਲੋਂ ਹੀ ਨਚੱਲੇ ਹੋਣ ਨੂੰ ਅੰਦਰ ਅਨਭਉ ਕਰਦੀ ਹੈ ਉਹ ਵਸਤੂ ਹੀ ਜਿੰਦ ਹੈ।

ਭਾਂਵੇ ਇਹ ਜਿੰਦ ਅੱਖਾਂ ਕੰਨਾਂ ਅਤੇ ਜਬਾਨ ਵਗੈਰਾ ਸਭ ਇੰਦ੍ਰੀਆਂ ਦੀ ਆਪ ਹੀ ਜਾਂਨ ਹੈ ਪਰ ਏਸ ਜਾਂਨ ਦੀਆਂ ਕੋਈ ਅੱਖਾਂ ਨਹੀਂ ਹਨ ਬਿਨਾਂ ਅੱਖਾਂ ਦੇ ਹੀ ਦੇਖਦੀ ਹੈ-ਇਸ ਦੇ ਕੰਨ ਨਹੀਂ ਹਨ ਪਰ ਬਿਨਾਂ ਕੰਨਾਂ ਦੇ ਹੀ ਇਹ ਸੁਨਦੀ ਹੈ ਇਸ ਦੀਆਂ ਨਾਸਾਂ ਨਹੀ ਹਨ ਪਰ ਬਿਨਾਂ ਨਾਸਾਂ ਦੇ ਹੀ ਸਭ ਕੁਝ ਸੁੰਘਦੀ ਹੈ।ਇਸਦੀ ਜਬਾਨ ਨਹੀ ਪਰ ਬਿਨਾਂ ਜਬਾਨ ਦੇ ਹੀ ਸੁਆਦ ਲੈਂਦੀ ਅਤੇ ਬੋਲ ਦੀ ਹੈ। ਐਸੇ ਹੀ ਹਥਾਂ ਪੈਰਾਂ ਆਦ ਅੰਗਾ ਤੋਂ ਬਿਨਾਂ ਹੀ ਸਭ ਕਾਰਰਵਾਈ ਇਹ ਕਰਦੀ ਹੈ ਮਤਲਬ, ਕੀਹ

ਕਿ ਸਰੀਰ ਵਾਲੀ ਹੈ ਭੀ ਨਹੀਂ ਪਰ ਸਭ ਸਰੀਰ ਏਸੇ ਦੇ ਹਨ। ਐਸੀ ਅਕਹਿ ਵਸਤੂ ਹੈ (ਇਹ ਜਿੰਦ) ਜਿਸਨੂੰ ਕਿ ਆਤਮਾ ਭੀ ਆਖਦੇ ਹਨ-ਤੇ ਇਹ ਆਤਮਾਂ ਹੀ ਆਪਣਾ ਆਪ ਏਸ ਸਰੀਰ ਦਾ ਸੱਚਾ ਮਾਲਿਕ ਪ੍ਰਾਣ ਪਤੀ ਹੈ।

ਜਿਸ ਭਾਂਤ ਇਸਤ੍ਰੀ ਸਭ ਤ੍ਰਾਂ ਨਾਲ ਲੱਜਾ ਸੰਕੋਚ ਆਦਕ ਦਾ ਤਿਆਗ ਕਰਕੇ ਆਪਣੇ ਪਤੀ ਨੂੰ ਮਿਲਦੀ ਹੈ ਤਾਂ ਉਸ ਸਮੇ ਏਕਤਾ ਦੇ ਮਿਲਾਪ ਵਿਚ ਇਸਤ੍ਰੀ ਅਤੇ ਭਰਤਾ ਦੋਨੋਂ ਹੀ ਅਪਣਿਆਂ ਸਰੀਰਾਂ ਦੀ ਸੁਧ ਬੁਧ ਵਿਸਾਰ ਦਿੰਦੇ ਹਨ।ਇਸਤ੍ਰੀ ਨੂੰ ਪਤੀ ਦਿਖਾਈ ਨਹੀਂ ਦਿੰਦਾ ਅਰੁ ਪਤੀ ਨੂੰ ਇਸਤ੍ਰੀ ਦਿਖਾਈ ਨਹੀਂ ਦਿੰਦੀ ਤਦ ਕੇਵਲ ਸਰੀਰਾਂ ਦੀ ਸੁਧ ਬੁਧ ਤੋਂ ਰਹਿਤ ਦੋਨੋਂ ਹੀ ਏਕਤਾਈ ਦੇ ਆਨੰਦ ਮਾਤਰ ਵਿਚ ਹੀ ਮਗਨ ਹੁੰਦੇ ਹਨ। ਬਸ ਜੇ ਇਹ ਕਿਹਾ ਜਾਵੇ ਕਿ "ਸੁਖ ਹੀ ਸੁਖ ਹੈ" ਨਾਂ ਕੋਈ ਇਸਤ੍ਰੀ ਤੇ ਨਾਂ ਭਰਤਾ ਤਾਂ ਠੀਕ ਹੀ ਹੈ ਕਯੋਂਕਿ ਵਾਸਤਵ ਤੇ ਹੀ ਉਹ ਦੋਵੇਂ ਆਪੇ ਤੋਂ ਬਾਹਰ ਹੋਏ ੨ ਹੁੰਦੇ ਹਨ ਤਦ ਕੇਵਲ ਇਕ ਸੁਖਮਾਤ੍ਰ ਹੀ ਅਵ-ਸਥਾ ਛਿਣ ਭਰ ਹੁੰਦੀ ਹੈ। ਜਿਸਨੂੰ ਹਜਾਰ ਢੰਗ ਨਾਲ ਭੀ ਕੋਈ ਪੁੱਛੇ ਪਰ ਨਾ ਤਾਂ ਇਸਤ੍ਰੀ ਹੀ ਉਸ ਸੁਖ ਨੂੰ ਵਰਨਣ ਕਰ ਸਕਦੀ ਹੈ ਅਤੇ ਨਾਂ ਪਤੀ ਹੀ ਉਸਨੂੰ ਪ੍ਰਗਟ ਕਰਨ ਲਈ ਸਮਰਥ ਹੁੰਦਾ ਹੈ। ਸੋ ਜਦ ਮਹਾਂ ਦੁਖ ਰੂਪ ਛਿਨ ਭਰ ਉਤਪਤਿ ਨਸ਼ਟ ਹੋਜਾਨ ਵਾਲੇ ਵਿਖੇ ਸੁਖ ਨੂੰ ਕੋਈ ਅੱਜ ਤਕ ਪ੍ਰਗਟ ਨਹੀ ਕਰ ਸਕਿਆ ਤਦ ਭਲਾ ਵਹ ਇੰਦ੍ਰੀਆ ਮਨ ਅਤੇ ਪ੍ਰਾਣਾਂ ਆਦ ਦਾ ਅਧਯਾਸ ਛਡਕੇ ਉਸ ਸਚੇ

ਮਾਲਕ ਅੰਤਰ ਯਾਮੀ ਨਾਲ ਜਿੰਦ ਦੇ ਅਭੇਦ ਹੋਨ ਦੇ ਸਰੇ ਤੇ ਅਪਾਰ ਆਨੰਦ ਦਾ ਵਰਨਣ ਕੌਨ ਕਰਸਕੇ। ਸਾਖਯਾਤ ਈਸ੍ਵਰ ਭੀ ਮੂਰਤੀ ਮਾਨ ਹੋਕੇ ਚਾਹੇ ਤਾਂ ਉਸਨੂੰ ਜਯੋਂਕਾ ਤਯੋਂ ਨਿਰੂਪਣ ਨਹੀ ਕਰ ਸਕਦਾ ਕਯੋਂਕਿ ਉਸ ਪਰਮਾਨੰਦ ਮਈ ਅਵਸਥਾ ਦੇ ਸਾਖਿਆਤ ਕਾਰਦੇ ਸਮੇ ਜੀਵ ਈਸ੍ਵਰ ਅਤੇ ਜਗਤ ਭਾਵ ਦੀ ਕਿਤੇ ਗੰਧ ਭੀ ਲਭੀ ਨਹੀ ਲੱਭਦੀ ਜੈਸਾ ਕਿ "ਜਿੰਦ ਬਿੰਦ ਨਹੀ ਜੀਵ ਨ ਜਿੰਦੋ ਨਾਂ ਤਦਿ ਗੋਰਖੁ ਨਾ ਮਾਛਿੰਦੋ। ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾਂ ਕੋ ਗਣਤ ਗਣਾਇਦਾ।" ਇਸ ਭਾਂਤ ਦੇ ਬਚਨਾਂ ਦ੍ਵਾਰੇ ਸੁੰਨ ਸਮਾਧ ਦਾ ਨਿਰੂਪਣ ਕਰਦਿਆਂ ਹੋਇਆਂ ਮਾਰੂ ਸੋਲਹੇ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਣ ਕੀਤਾ ਹੈ। ਕਯੋਂਜੁ ਜਦ ਅਧਿਕਾਰੀ ਜਨ ਪੂਰੇ ਗੁਰਾਂਦੀ ਦੱਸੀ ਹੋਈ ਜੁਗਤੀ ਨੂੰ ਜਬ "ਆਤਮਾ ਪਰਾਤਮਾ ਏਕੋ ਕਰੈ" ਆਪਨੇ ਆਪਨੂੰ ਪਰਮਾਤਮਾ ਨਾਲ ਅਭੇਦ ਕਰੇਦਾ ਹੈ ਤਦ "ਅੰਤਰ ਕੀ ਦੁਬਿਧਾ ਅੰਤਰਿ ਮਰੈ" ਜੋ ਭੇਦ ਵਾਲੀ ਦ੍ਵੈਤ ਪਰਤੀਤੀ ਹੈ ਉਹ ਸਭ ਅੰਦਰੋ ਅੰਦਰ ਹੀ ਭਸਮੀ ਭੂਤ (ਸੁਆਹ) ਹੋਜਾਂਦੀ ਹੈ। ਪੁਨ "ਕੌਨ ਕਹਾਂ ਦੂਜਾ ਨਹੀ ਕੋਈ।" ਜਦ ਦ੍ਵੈਤ ਭਾਵ ਦੀ ਪਰਤੀਤੀ ਹੀ ਹੋਨੋਂ ਉਠ ਗਈ ਤਾਂ ਕੌਨ ਕਿਸਨੂੰ ਕੋਈ ਆਖੇ-ਤੇ ਕਿਸ ਜ਼ਬਾਨ ਆਦਕ ਨਾਲ ਕਹੇ, ਅਤੇ ਕੌਨ ਕਿਸ ਦੀ ਕੋਈ ਸੁਣੇ-ਤੇ ਕਿਨਾਂ ਕੰਨਾਂ ਨਾਲ ਸੁਣੇ ਬਸ "ਗੂੰਗੇ ਮਹਾਂ ਅੰਮ੍ਰਿਤ ਰਸ ਚਾਖਿਆ ਪੂਛੇ ਕਹਣੁ ਨ ਜਾਈ" ॥

ਇਸੇ ਆਤਮਾਨੰਦ ਵੱਲ ਹੀ ਇਸਾਰਾ ਕਰਕੇ ਗੁਰੂ ਮਹਾਰਾਜ ਜੀ ਨੇ ਇਹ ਬਚਨ ਕੀਤਾ ਹੈ ਕਿ "ਇਸ ਗੁਫਾ ਮਹਿ

ਅਖੁਟ ਭੰਡਾਰਾ। ਤਿਸ ਵਿਚ ਵਸੈ ਹਰਿ ਅਲਖ ਅਪਾਰਾ। ਆਪ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪ ਵੰਞਾਵਣਿਆ" ਅਰਥ ਇਹ ਜੋ ਇਸ ਸਰੀਰ ਰੂਪੀ ਗੁਫਾ ਵਿਖੇ ਅਟੁਟ ਭੰਡਾਰ ਰੂਪ ਆਤਮ ਵਸਤੂ ਬਿਰਾਜਮਾਨ ਹੈ ਅਰੁ ਪਾਰਾਵਾਰ ਤੇ ਰਹਿਤ (ਜਿਸ ਨੂੰ ਇਨਾਂ ਨੇਤ੍ਰਾਂ ਆਦ ਦ੍ਵਾਰੇ ਕੋਈ ਨਹੀਂ ਲਖ ਸਕਦਾ ਐਸਾ ਹਰੀ) ਉਸ ਆਤਮਾਂ (ਆਪਨੇ ਆਪ) ਵਿਖੇ ਹੀ ਸਦਾ ਇਸਥਿਤ ਹੈ। ਪਰ ਮੈਂ ਦੇਖਦਾ ਹਾਂ-ਮੈਂ ਸੁਨਦਾ ਹਾ-ਮੈਂ ਸੁੰਘਦਾ ਹਾਂ-ਮੈਂ ਸੁਆਦ ਲੈਂਦਾ ਹਾਂ। ਮੈਨੂੰ ਤਾਅ, ਯਾ ਠੰਢ ਲਗਦੀ ਹੈ। ਮੈਂ ਲੈਂਦਾ ਹਾਂ ਯਾ ਦਿੰਦਾ ਹਾਂ-ਮੈਂ ਜਾਂਦਾ ਹਾਂ ਯਾਂ ਔਂਦਾ ਹਾਂ ਐਸੇ ੨ ਸਰਬੱਤ ਇੰਦ੍ਰੀਆਂ (ਨਗਾਂ) ਆਦ ਦ੍ਵਾਰੇ ਇਸ ਸਰੀਰ ਦੇ ਠਾਠ ਨੂੰ ਚਲੌਂਦਾਂ ਹੋਇਆ ਇਸ ਤਰਾਂ ਨਾਲ ਤੁਛ ਜੀਵ ਤੋਂ ਲੈਕੇ ਬ੍ਰਹਮਾ ਤਾਂਈ ਸਭ ਵਿਚ ਹੀ ਉਹ ਆਪਨੇ ਆਪ ਨੂੰ ਪਰਗਟ ਕਰ ਭੀ ਰਿਹਾ ਹੈ ਪਰ ਅਗਜਾਨ ਦੀ ਨੀਂਦ ਵਿਖੇ ਸੁੱਤੇ ਹੋਏ ਛਿਣ ੨ ਵਿਖੇ ਉਸ ਨਿਆਰੇ ਚੇਤਨਤਾਦੇ ਪੁੰਜ ਹਰੀ ਆਤਮਾ ਨੂੰ "ਸਭ ਕਰਤਾ ਸਭ ਭੁਗਤਾ" ਸਰਬ ਕਾਰਰਵਾਈ ਦਾ ਕਰਤਾ ਧਰਤਾ ਅਨਭਉ ਕਰਦੇ ਹੋਏ ਭੀ ਭੁੱਲੇ ਪਏ ਹਨ। ਅਤੇ ਸਮਝਦੇ ਹਨ ਕਿ ਅਖਾਂ ਦੇਖਦੀਆਂ ਹਨ-ਕੰਨ ਸੁਨਦੇ ਹਨ-ਨਾਸਾਂ ਸੁੰਘਦੀਆਂ ਹਨ ਐਸੇ ੨ ਸਭ ਸਰੀਰ ਨੂੰ ਹੀ ਕਰਤਾ ਧਰਤਾ ਸਮਝਦੇ ਹਨ ਪਰ ਹੈ ਇਹ ਜੈਸਾ ਮਰ ਕੇ ਮੁਰਦਾ ਤੈਸਾ ਹੀ ਜੀਉਂਦਾ ਭੀ ਮੁਰਦਾ। ਸੋ ਇਸ ਪ੍ਰਕਾਰ ਸਭ ਦੀ ਜਾਨ ਰੂਪ ਹੁੰਦਾ ਹੋਇਆ ਸੋ ਆਤਮਾ ਹਰੀ ਸਭ ਤਾਂਈ ਪਰਗਟ ਭੀ ਹੈ ਤੇ ਛਪਿਆ ਹੋਯਾ ਭੀ ਹੈ। ਪਰ ਅਸਲ ੨ ਰੂਪ ਵਿਚ ਤਾਂ ਇਹ ਤਦ ਹੀ ਪ੍ਰਗਟ ਹੋਕੇ ਦਰ

ਬਨ ਦਿੰਦਾ ਹੈ ਜਦ ਕਿ ਅਧਿਕਾਰੀ ਗੁਰਾਂ ਦੇ ਸਬਦ ਦ੍ਵਾਰੇ ਅਗਯਾਨ ਮਈ ਨਿੰਦ੍ਯਾ ਦੇ ਰਚੇ ਹੋਏ ਸਰੀਰ ਵਿਚੋਂ ਆਪੇ ਭਾਵ ਨੂੰ ਉਠਾ ਦੇਵੇ।

ਭਾਂਤੇ ਅਵੱਸ ਕਰਕੇ ਹੀ ਸਚੇ ਪ੍ਰੇਮੀ ਅਧਿਕਾਰੀ ਨੂੰ ਉਚਿਤ ਹੈ ਕਿ "ਗੁਰਕਾ ਸ਼ਬਦ ਰਿਦ ਅੰਤਰਿ ਧਾਰੈ । ਪੰਚ ਜਨਾਂ ਸਿਉ ਸੰਗਿ ਨਿਵਾਰੈ। ਦਸ ਇੰਦ੍ਰੀ ਕਰਿ ਰਾਖੈ ਵਾਸਿ। (ਕਯੋਂਕਿ ਇਸ ਪ੍ਰਕਾਰ ਦੇ ਸੰਜਮ ਪੂਰਬਕ ਅਭ੍ਯਾਸ ਕੀਤਿਆਂ ਹੀ) ਤਾਂਕੈ ਆਤਮੈ ਹੋਇ ਪਰਗਾਸੁ" ਤਿਸਦੇ ਘਟ ਵਿਖੇ ਜਯੋਂ ਕਾ ਤਯੋਂ ਆਤਮਾ ਦਾ ਨਿਰਮਲ ਸਰੂਪ ਪਰਕਾਸ਼ ਕਰਦਾ ਹੈ।

ਅਰਥ ਇਹ ਕਿ ਕਾਮ-ਕ੍ਰੋਧ ਲੋਭ ਮੋ[illegible]ਾਰ ਇਨਾਂ ਦਾ ਸੰਗ ਯਥਾ ਸ਼ਕਤੀ ਦਿਨ ੨ ਘਟੌਂਦਾ ਹ[illegible] ਹੋਇਆ-ਨੇਤ੍ਰ-ਨਾਸਾਂ-ਕੰਨ-ਰਸਨਾ ਅਰ ਤ੍ਵਚਾ [illegible]ੀ) ਇਨਾਂ ਪੰਜਾਂ ਗਯਾਨ ਇੰਦ੍ਰੀਆਂ ਨੂੰ ਅਤੇ ਬਾ[illegible]ਰ ਅਰੁ ਮਲ ਮੂਤ੍ਰ ਦੇ ਤਿਆਗਨ ਵਾਲੀਆਂ ਦੋਵੇਂ [illegible]ੀਆਂ (ਇਨਾਂ ਪੰਜਾਂ ਕਰਮ ਇੰਦ੍ਰੀਆਂ) ਨੂੰ ਆਪਨੀ ੨ [illegible]ਈ ਵੱਲੋਂ ਮੋੜਕੇ ਅਰਥਾਤ ਸਭ ਨੂੰ ਆਪਨੇ ਅੰਦਰ [illegible]ਕਰਕੇ ਸਤਿਗੁਰਾਂ ਦੇ ਸਬਦ ਦਾ ਅਭ੍ਯਾਸ ਪਿਛੇ ਕਥਨ ਕੀਤੀ ਰੀਤੀ ਅਨੁਸਾਰ ਮਮੂਲ ਨਾਲ ਨਿਤਾ ਪ੍ਰਤੀ ਹੀ ਕਰਦਾ ਹੈ ਉਸ ਅਭ੍ਯਾਸੀ ਦੇ ਹਿਰਦੇ ਵਿਖੇ ਅਵੱਸ ਕਰਕੇ ਪਰਮਾਤਮਾਂ ਦਾ ਸਾਖਿਆਤ ਕਾਰ ਹੁੰਦਾ ਹੈ ॥

ਕਾਰਣ ਏਸ ਵਿਖੇ ਇਹ ਹੈ ਕਿ ਇਸਤਰਾਂ ਭਜਨ ਦਾ ਅਭ੍ਯਾਸ ਜਦ ਅਪਨੇਂ ਦਰਜੇ ਤਕ ਪੱਕ ਜਾਂਦਾ ਹੈ ਅਤੇ ਮਨ ਅਰੁ ਇੰਦ੍ਰੀਆਂ ਨੂੰ ਅੰਦਰੇ ਅੰਦਰ ਕਠਿਆਂ ਹੋਨ ਦਾ

ਸੁਭਾਵ ਪੈ ਜਾਂਦਾ ਹੈ ਤਾਂ ਜਗਜਾਸੂ ਦਾ ਆਪਨੇ ਆਪਹੀ ਦੇਹ ਨਾਲੋਂ ਅਧਜਾਸ ਘਟਨ ਲਗ ਪੈਂਦਾ ਹੈ ਅਰੁ ਏਹ ਦੇਹ ਹੀ ਉਸ ਸਚੇ ਸਰੂਪ ਦੇ ਦਰਸ਼ਨਾਂ ਵਿਖੇ ਪੜਦਾ ਹੈ ਕਯੋਂਕਿ ਉਸ ਸਚੇ ਕਰਤਾ ਧਰਤਾ ਨੂੰ ਛਡਕੇ ਜੀਵਾਂ ਨੇ ਇਸ ਦੇਹ ਨੂੰ ਹੀ ਕਰਨ ਕਾਰਨ ਆਪਨਾ ਆਪ ਮੰਨਲਿਆ ਹੈ ਤੇ ਇਸ ਆਪਾ ਭਾਵ ਦੀ ਮਨੌਤ ਦਾ ਨਾਮ ਹੀ ਹਉਮੈ ਹੈ–"ਵਿਚ ਹਉਮੈ ਪੜਦਾ ਭਾਰੀ" ਸੋ ਜਦ ਇਸ ਦੇਹ ਨਾਲੋਂ ਭਜਨ ਦੇ ਅਭਜਾਸ ਕਰਕੇ ਮਨ ਅੰਤਰਮੁਖ ਹੋਣਦਾ ਬਾਨੀ ਹੋਇਆ ਤੇ ਅਧਜਾਸ ਘਟਨਾ ਆਰੰਭ ਹੋਇਆ ਤਦ ਉਸ ਸਚੇਆਤਮਾ-ਨੰਦ ਦੀ ਕਿਰਣ ਭੀ ਵਿਚ ੨ ਝਲਕਾ ਮਾਰਨ ਲਗ ਜਾਂਦੀ ਹੈ ਜਿਸਦਾ ਨਾਮ ਹੀ ਭਜਨ ਦਾ ਰਸ ਯਾ ਆਨੰਦ ਸਦਿਆ ਜਾਂਦਾ ਹੈ ॥

ਜਯੋਂ ੨ ਇਸ ਭਜਨਾਨੰਦ ਦਾ ਘਟ ਵਿਖੇ ਚਮਤਕਾਰ ਹੁੰਦਾ ਹੈ ਤਯੋਂ ੨ ਹੀ ਉਸ ਅਲੌਕਿਕ ਰਸ ਦੀ ਚਾਟ ਵਿਚ ਚਿਤ ਨੂੰ ਐਸੀ ਲਗਨ ਵਧਦੀ ਜਾਂਦੀ ਹੈ ਜਿਸਤਰਾਂ ਕਿ ਭੌਰੇ ਦਾ ਕੌਲ ਫੁਲ ਦੀ ਬਾਸਨਾ ਨਾਲ ਭਾਰਾ ਪ੍ਰੇਮ ਹੁੰਦਾ ਹੈ। ਅਰੁ ਠੀਕ ਜਿਸ ਭਾਂਤ ਭੌਰਾ ਸੁਗੰਧ ਵਿਚ ਮਸਤ ਹੋਕੇ ਸਾਰੀ ਸੁਧ ਬੁਧ ਨੂੰ ਵਿਸਾਰ ਦਿੰਦਾ ਹੈ–ਐਸੇ ਹੀ ਭਜਨਾ ਨੰਦੀ ਭੀ ਭਜਨ ਦੀ ਧੁਨ ਵਿਚ ਸੰਸਾਰਦੀਸੁਧਬੁਧਨੂੰ ਵਿਸਾਰ ਦਿੰਦਾ ਹੈ। ਉਸਦੀ ਦ੍ਰਿਸ਼ਟੀ ਵਿਚ ਸੰਸਾਰ ਐਸਾ ਅਸਾਰ (ਫਿਕਾ) ਹੋ ਜਾਂਦਾ ਹੈ–ਜਿਸਤਰਾਂ ਕਿ ਘੂਕ ਸੁਤਿਆਂ ਪਿਆਂ ਇਸਦੀ ਰਿਜਮ ਵੀ ਕਿਤੇ ਅੰਦਰ ਨਹੀ ਲਭਦੀ । ਅਰੁ ਉਹ ਠੰਗੀਤਰਾਂ ਸਮਝ ਜਾਂਦਾ ਹੈ ਕਿ ਜੈਸੇ ਨੀਂਦ ਦੇ ਕਾਰਣ ਮੇਰੇ ਆਪਨੇ ਦਿਨ ਦੇ ਖਿਆਲ ਹੀ ਸੁਪਨੇ ਵਿਖੇ ਅਨੇਕ

ਭ੍ਰਾਂਤ ਦੇ ਰੰਗਾਂ ਰਪਾਂ ਵਿਖੇ ਸੱਰੇ ਵਤ ਸੱਚੇ ਹੋ ਭਾਸਦੇ ਹਨ ਪਰ ਹੁੰਦੇ ਝੂਠੇ ਹੀ ਹਨ, ਐਸੇ ਹੀ "ਜੈਸਾ ਸੁਪਨਾ ਰੈਣਿਕਾ ਤੈਸਾ ਸੰਸਾਰ" ਹੈ। ਇਹ ਭੀ ਕਿਸੇ ਚਿਰ ਕਾਲ ਦੀ ਨੀਂਦ ਦਾ ਕੋਈ ਮੇਰਾ ਅਪਣਾ ਸੁਪਨਾ ਹੀ ਪਸਾਰਿਆ ਹੋਯਾ ਹੈ ਜੋ ਝੂਠਾ ਹੁੰਦਾ ਹੋਇਆ ਭੀ ਸੱਚਾ ਭਾਸ ਰਿਹਾ ਹੈ।

ਜੇਕਰ ਇਹ ਜਗਤ ਸੱਚਾ ਹੋਵੇ ਤਾਂ ਜਦ ਭਜਨ ਵਿਚ ਅਡੋਲ ਹੋਕੇ ਮਨ ਸਾਰੇ ਖਿਆਲ ਅੰਦਰ ਬਾਹਰ ਦੇ ਭੁਲਾ ਬੈਠਦਾ ਹੈ ਤਾਂ ਫਰ ਉਸ ਵੇਲੇ ਇਹ ਸੰਸਾਰ ਕਿਥੇ ਚਲਾ ਜਾਂਦਾ ਹੈ। ਅਰੁ ਜਿਤਨਾ ਚਿਰ ਬੇਖਿਆਲ ਹੋਇਆ ਮਨ, ਆਪੇ ਦੀ ਸੁਧ ਵਿਸਾਰਕੇ ਭਜਨ ਦੇ ਰਸ ਵਿਚ ਮਗਨ ਰਹਿੰਦਾ ਹੈ, ਤਦ ਤਕ ਨਾਂ ਇਹ ਸੰਸਾਰ ਅਤੇ ਨਾ ਕੋਈ ਇਸਦਾ ਪਦਾ-ਰਥ ਯਾ ਸੁਖ ਅਥਵਾ ਦੁਖ ਹੀ ਭਾਸਦੇ ਹਨ--ਪਰ ਝਟ ਹੀ ਕਿ ਮਨ ਉਧਰੋਂ ਚੰਚਲ ਸੁਭਾਵ ਦੇ ਕਾਰਣ ਥੜਾ ਮੋੜਾ ਖਾਕੇ ਆਪਨੀਆਂ ਤਰੰਗਾਂ ਉਠੌਨ ਲਗਦਾ ਹੈ–ਤਤਕਾਲ ਹੀ ਇਹ ਸਾਰਾ ਠਾਠ ਅੱਖਾਂ ਅਗੇ ਪਰਤੱਖ ਭਾਸਨ ਲਗ ਜਾਂਦਾ ਹੈ। ਜਿਸਤੋਂ ਜਾਣਿਆ ਜਾ ਸਕਦਾ ਹੈ ਕਿ ਇਸ ਸੰਸਾਰ ਦੀ ਉਤਪਤ ਪਰਲੋ ਆਦਕੀ ਸਭ ਕਾਰਰਵਾਈ(ਅੰਦਰ)ਆਪਨੇ ਖਿਆਲ ਵਿਚ ਹੀ ਹੈ। ਕਯੋਂਕਿ ਖਿਆਲ ਦੇ ਹੁੰਦਿਆਂ ਸਭ ਕੁਛ ਹੋ ਭਾਸਦਾ ਹੈ, ਤੇ ਖਿਆਲ ਦੇ ਦੂਰ ਹੋਇਆ ਮੂਲੋਂ ਹੀ ਪਰਪੰਚਦੀ ਪਰਤੀਤੀਨਹੀਹੁੰਦੀਇਸੇ ਕਰਕੇਹੀ ਗੁਰੂਨਾਨਕ ਦੇਵ ਜੀਨੇ ਕਥਨ ਕੀਤਾ ਹੈ ਕਿ "ਮਨ ਤੇ ਉਪਜੈ ਮਨ ਮਾਹਿ ਸਮਾਇ" ਅਰਥਾਤ ਇਹ ਜਗਤ ਮਨ ਤੋਂ ਹੀ ਉਤਪੰਨ ਹੁੰਦਾ ਹੈ ਅਤੇ ਮਨ ਵਿਖੇ ਹੀ ਸਮਾ ਜਾਂਦਾ ਹੈ ਅਰੁ "ਮਨੁ ਜੀਤੈ ਜਗੁ ਜੀਤ" ਇਸ ਕਥਨ ਵਿਖੇ ਭੀ ਏਹੋ ਹੀ ਭੇਦ ਹੈ।

ਕਯੋਂਕਿ ਜਿਸਤਰਾਂ ਪਾਣੀ ਦੀਆਂ ਤਰੰਗਾਂ ਪਾਣੀ ਤੋਂ ਵਖਰੀ-ਆਂ ਨਹੀ ਹੁੰਦੀਆਂ-ਪਾਣੀ ਰੂਪ ਹੀ ਹੁੰਦੀਆਂ ਹਨ ਐਸੇ ਹੀ ਮਨਦੀਆਂ ਤਰੰਗਾਂ ਮਨ ਤੋਂ ਅੱਡ ਨਹੀਂ ਹੁੰਦੀਆਂ। ਅਤੇ ਮਨ ਦੇ ਤਰੰਗ ਹੀ ਅਨੇਕ ਰੰਗ ਰੂਪ ਧਾਰਕੇਸੰਸਾਰ ਰੂਪ ਹੋ ਭਾਸ ਦੇਹਨ ਤਾਂਤੇਸਭ ਸੰਸਾਰ ਮਨ ਦਾ ਹੀ ਰੂਪ ਹੋਯਾਸੋਈਮਨ ਜਦ ਭਜਨਦੇ ਰਸ ਵਿਚ ਲੀਨ ਹੋਕੇਆਪੇ ਨੂੰ ਛਡ ਦਿੰਦਾ ਹੈ ਤਦ ਉਸ ਅਚੱਲ ਅਵਸਥਾ ਦੇ ਕਾਰਣ ਸਾਰਾ ਸੰਸਾਰ ਹੀ ਅਚੱਲ ਰੂਪ ਹੋਜਾਂਦਾ ਹੈ। ਅਤੇ ਉਸ ਵੇਲੇ ਤਨ ਬਦਨ ਭੀ ਸੰਸਾਰੀ ਪਦਾਰਥਾਂ ਸਮੇਤ ਇਸ ਤਰਾਂ ਏਕਤਾ ਦੇ ਰਸ ਵਿਚ ਮਗਨ ਹੋਜਾਂਦੇ ਹਨ ਜਿਸ ਤਰਾਂ ਕਿ ਬਰਫ ਦੇ ਡਲੇ ਧੁਪ ਵਿਚ ਪੰਘਰ ਕੇ ਜਲ ਵਿਚ ਮਿਲ ਜਾਂਦੇ ਹਨ ਅਰ ਜਲ ਹੀ ਜਲ ਹੋ ਜਾਂਦਾ ਹੈ। ਬਸ ਦ੍ਵੈਤ ਮੂਲੋਂ ਹੀ ਪਰਤੀਤ ਹੋਣੋਂ ਬੰਦ ਹੋਜਾਂਦੀ ਹੈ। ਜਿਸਦੀ ਬਾਬਤ "ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਣ" ਹੈ ॥

ਏਸੇ ਮਜਲ ਸਿਰ ਪੌਂਚਕੇ ਹੀ "ਇਹ ਜਗਤ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ" "ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ""ਸਭ ਗੁਬਿੰਦ ਹੈਸਭ ਗੁਬਿੰਦਹੈ ਗੋਬਿੰਦਬਿਨ ਨਹੀ ਕੋਈ" ਐਸੇ ਜੈਕਾਰੇ ਅੰਦਰ ਬਾਹਰ ਫੇਰ ਆਪ ਤੇ ਆਪ ਹੀ ਗੱਜਦੇ ਹਨ। ਏਸੇਮਜਲ ਵੱਲ ਹੀ ਇਸਾਰਾ ਕਰਕੇ ਇਸਦੀ ਪ੍ਰਾਪਤੀ ਲਈ ਸਤਿ-ਗੁਰੂ ਸਚੇ ਪ੍ਰੇਮੀਆਂ ਦੇ ਪਰਥਾਏ ਮਨ ਨੂੰ ਉਪਦੇਸ ਕਰਦੇ ਹਨ ਕਿ "ਮਨ ਤੂੰ ਜੋਤਿ ਸਰੂਪ ਹੈ ਆਪਨਾ ਮੂਲ ਪਛਾਨ" ਇਸੇ ਮਜਲ,ਦੀ ਪ੍ਰਾਪਤੀ ਵਾਸਤੇ ਹੀ ਪੁਰਖਾਰਥੀ ਅਭ੍ਯਾਸੀ ਦਾ ਉਤਸ਼ਾਹ ਵਧੌਂਦੇ ਹੋਏ ਗੁਰੂ ਸਾਹਿਬ ਉਪਦੇਸ ਕਰਦੇ

ਹਨ ਕਿ "ਮਨ ਮਾਰ ਤੂੰ ਹੀ ਨਿਰੰਜਨਾ" । ਏਸੇ ਮਜ਼ਲ ਸਿਰ ਪੌਂਚਕੇ ਹੀ ਅਸਲ ੨ ਮਨ ਮਰਦਾ ਹੈ। ਏਸੇ ਮਜ਼ਲ ਤੇ ਪੌਂਚਿਆਂ ਹੀ ਅਸਲ ੨ ਜੀਉਂਦੇ ਮਰਿਆ ਜਾਂਦਾ ਹੈ। ਅਰੁ ਏਹੀ ਸਚਾ ਵਣਜ ਹੈ ਜਿਸ ਦੇ ਵਣਜਨ ਵਾਸਤੇ ਇਸ ਸੰਸਾਰ ਵਿਖੇ ਜੀਵ ਦਾ ਔਣਾ ਹੁੰਦਾ ਹੈ। ਤਾਂਤੇ ਜਿਸ ਕਿਸ ਬਿਧ ਨਾਲ ਭੀ ਹੋਸਕੇ ਸਤਿਗੁਰਾਂ ਨੂੰ ਮਿਲਕੇ ਸਬਦ ਦੀ ਕਮਾਈ ਦੁਆਰੇ ਇਸ ਅੰਮ੍ਰਿਤ ਸਰੂਪ (ਜਨਮ ਦੇ) ਅਮੋਲਕ ਲਾਹੇ ਵਾਸਤੇ ਬੜੀ ਦ੍ਰਿੜਤਾ ਨਾਲ ਲੱਕ ਬੰਨਕੇ ਅਭਯਾਸੀਆਂ ਜੋਗ ਜਤਨ ਕਰਨਾ ਉਚਿਤ ਹੈ॥

ਵਿਦਿਤ ਰਹੇ ਕਿ ਇਸ ਆਤਮਾਨੰਦ ਮਈ ਪੂਰਨ ਅਵਸਥਾ ਦੀ ਪ੍ਰਾਪਤੀ ਦਾ ਸਾਖਿਆਤ ਸਾਧਨ ਜਿਸਨੂੰ ਕਿ ਪੂਰਣ ਅਵਸਥਾ ਦੀ ਕਿਰਣ ਰੂਪ ਉਪਰ ਵਰਨਣ ਕੀਤਾ ਸੀ ਜਿਸਦਾ ਸਪਸ਼੍ਟ ਨਾਮ ਭਜਨਾਨੰਦ ਹੈ-ਉਸਦੀ ਮੰਘਨ-ਤਾਈ ਵਿਚੋਂ ਮਨ ਫੇਰ ਉਲਟ ੨ ਕੇ ਸੰਸਾਰ ਵੱਲ ਮੋੜਾ ਖਾ ਆਇਆ ਕਰਦਾ ਹੈ-ਪਰ ਜੋ ਕਿ ਇਸਦੀਆਂ ਤਣਾਵਾਂ ਉਧਰ ਹੀ ਖਿਚੀਆਂ ਰਹਿੰਦੀਆਂ ਹਨ-ਅਤੇ ਸੰਸਾਰ ਵਲ ਪਰਚਨਾ ਇਸਨੂੰ ਬੜਾ ਕਲੇਸ਼ ਰੂਪ ਭਾਸਦਾ ਹੈ । ਇਸ ਕਾਰਣ ਨਾਂ ਤਾਂ ਇਸ ਮਨ ਦੇ ਉਧਰ ਲਗੇ ਰਹਿਨ ਕਰਕੇ ਅਤੇ ਨਾਂ ਸੰਸਾਰ ਵਲ ਹੀ ਆ ਸਕਨ ਕਰਕੇ ਜਗਯਾਸੂ ਦੀ ਹਾਲਤ ਕਦੀ ਐਸੀ ਦੁਬਿਧਾ ਵਿਚ ਆਕੇ ਘਾਬਰ ਉਠਿਆ ਕਰਦੀ ਹੈ-ਸੋ ਘਬਰਾਨਾ ਬਿਲਕੁਲ ਨਹੀ ਚਾਹੀਏ ਬਲਕਿ ਇਉਂ ਸਮਝਨਾ ਚਾਹੀਦਾ ਹੈ, ਕਿ ਜਿਸਤਰਾਂ ਹੁਨਾਲ ਮਾਂਹ ਦੀ ਭਾਰੀ ਗਰਮੀ ਦੇ ਤਪੇ ਹੋਏ ਨੂੰ ਗੰਗਾ ਦੀ ਸੀਤਲਤਾਈ ਆਪਨੀ ਵੱਲ ਖਿਚਦੀ ਹੈ। ਪਰ ਭਾਂਵੇ ਉਹ ਆਦਮੀ

ਬਾਹਰ ਦੀ ਗਰਮੀ ਤੋਂ ਕਿੱਡਾ ਭੀ ਤਪਿਆ ਹੋਇਆ ਹੋਵੇ ਤਾਂ ਭੀ ਗੰਗਾ ਦੇ ਠੰਢੇ ਪਰਵਾਹ ਵਿਚ ਟੁਭੀ ਮਾਰਕੇ ਉਹ ਬਹੁਤ ਚਿਰ ਤਕ (ਜਲ ਵਚ) ਨਹੀ ਰਹਿ ਸਕਦਾ ਇਸੇਤਰਾਂ ਹੀ ਸਸਾਰਿਕ ਚਿੰਤਾ ਉਦਾਸੀਆਂ ਅਰੁ ਸਾਰੀਰਕ ਦੁਖਾਂ ਤੇ ਕਲੇਸਾਂ ਤੋਂ ਘਾਬਰਿਆ ਹੋਇਆ ਮਨ ਭੀ ਤ੍ਰਿਨ ਤਾਪ ਜੰਨ ਸੰਤਾਪ ਦੀ ਨਿਵਿਰਤੀ ਲਈ ਭਜਨਾਨੰਦ ਮਈ ਨਿਜ ਘਟ ਬਾਸੀ ਇਸ ਅਪਾਰ ਸਾਂਤੀ ਵਾਲੀ ਸੱਚੀ ਗੰਗਾ ਵਿਚ ਹੀ ਟੁਭੀ ਤਾਂ ਲਾਈ ਰਖਨੀ ਚਾਹੁੰਦਾ ਹੈ ਪਰ ਅਨੰਤ ਜਨਮਾਂ ਦਾ ਭਟਕਿਆ ਹੋਇਆ ਅਤੇ ਸੈਸਾਰੀ ਰਚਨਾਂ ਦਾ ਗੂੜ੍ਹਾ ਪਿਆਰਾ ਹੋਨਦੇ ਕਾਰਣ ਅੱਗਦੇ ਕੀੜੇ ਦੀ ਤਰਾਂ ਗਰਮੀ ਦੇ ਕਲੇਸ ਨੂੰ ਹੀ ਸੁਖ ਰੂਪ ਮੰਨਿਕੇ ਉਸ ਸਚੀ ਸੀਤਲ ਤਾਂਈ ਵਲੋਂ ਝਟ ਹੀ ਭੱਜ ਔਂਦਾ ਹੈ। ਸੋ ਜਿਸ ਭਾਂਤ ਇਕ ਵਾਰ ਗੰਗਾ ਦੀ ਸੀਤਲਤਾ ਦਾ ਅਨਭਉ ਕਰ ਚੁਕਨ ਪਰ ਉਹ ਮੰਨੁਖ ਫੇਰ ਬਾਹਰਲੀ ਗਰਮੀ ਤੋਂ ਡਰਦਾ ਹੋਇਆ, ਮੁੜ ੨ ਹੀ ਗੰਗਾ ਵਿਚ ਵੜਦਾ ਤੇ ਨਿਕਲ ਦਾ ਹੈ। ਇਸੇ ਪ੍ਰਕਾਰ ਹੀ ਅਭ੍ਯਾਸੀ ਦਾ ਮਨ ਭੀ ਕਦੀ ਤਾਂ ਉਸ ਰਸ ਵਲੋਂ ਉਟਕਕੇ ਬਾਹਰ ਮੁਖ ਹੋਜਾਂਦਾ ਹੈ ਪਰ ਬਾਹਰ ਮੁਖਤਾ ਵਿਚ ਉਸ ਰਸ ਦਾ ਬਿਲ ਕੁਲ ਟੋਟਾ ਹੀ ਟੋਟਾ ਦੇਖਕੇ ਕਦੀ ਫੇਰ ਉਧਰੇ ਉਸੇ ਰਸ ਵਲ ਹੀ ਖਿਚਿਆ ਹੋਇਆ ਅੰਤਰਮੁਖਤਾ ਵੱਲ ਗੋਤਾ ਮਾਰ ਜਾਂਦਾ ਹੈ। ਅਤੇ ਇਸ ਤਰਾਂ ਦੇ ਉਲਟ ਪਲਟ ਦੇ ਚੱਕਰ ਵਿਚ ਫੇਰ ਸਹਜੇ ੨ ਉਹ ਸਮਾਂ ਹੀ ਆ ਜਾਂਦਾ ਹੈ ਕਿ ਇਸਨੂੰ ਸਦੀਵ ਕਾਲ ਹੀ ਉਸ ਆਨੰਦ ਵਿਚ ਮਗਨ ਰਹਿਨ ਦਾ ਸੁਭਾਵ ਪੱਕ ਜਾਂਦਾ ਹੈ। ਜਿਸ ਕਰਕੇ ਹਰ -ਹਾਲ ਵਿਚ ਹੀ ਇਸਦੀ

ਉਹ ਤ੍ਰਾਰ ਨਹੀਂ ਟੁਟਿਆ ਕਰਦੀ ਇਸੇ ਹਾਲਤ ਸਿਰ ਪਹੁੰਚ ਕੇ ਹੀ ਭਜਨਾਨੰਦ ਆਤਮਾਂ ਨੰਦ ਦੀ ਪੂਰਨ ਅਵਸਥਾ ਦੇ ਦਰਜੇ ਵਿਚ ਆ ਜਾਂਦਾ ਹੈ। ਜਿਸਨੂੰ ਕਿ ਬਹੁਤ ਕਰਕੇ ਗੁਰੁ ਸਾਹਬ ਸਹਜ ਰਸ ਕਰਕੇ ਹੀ ਵਰਨਣ ਕਰਦੇ ਰਹੇ ਹਨ। ਅਰੁ ਜਿਸ ਕਿਸੇ ਨੂੰ ਇਹ ਪੂਰਨ ਪਰਮਾਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ ਉਸਦੇ ਲਛਣ ਸੁਭਾਵਕ ਹੀ ਐਸੇ ਹੋਜਾਇਆ ਕਰਦੇ ਹਨ। ਜੈਸਾ ਕਿ-"ਜਾਂ ਕਉ ਆਇਓ ਏਕ ਰਸਾ। ਖਾਨ ਪਾਨ ਆਨ ਨਹੀਂ ਖੁਧਿਆ ਤਾਂਕੈ ਚਿਤ ਨ ਬਸਾ" ਅਰਥਾਤ ਖਾਨ ਪਾਨ ਆਦਕ ਪਦਾਰਥ ਜੋ ਨਾਂਨਾ ਭਾਤ ਦੇ ਹਨ ਇਨਾਂ ਤੋਂ ਆਦ ਲੈਕੇ ਹੋਰ ਭੀ ਜਿਤਨੇ ਮਾਤ੍ਰ ਪਦਾਰਥ ਸੰਸਾਰ ਦੇ-ਲੋਕਾਂ ਦੇ ਮਨ ਨੂੰ ਖਿਚ ਲੈਨ ਵਾਲੇ ਹਨ ਉਨਾਂ ਸਭ ਦੀ ਲਾਲਸਾ ਹੀ ਉਸਦੇ ਅੰਦਰੋਂ ਉਠ ਜਾਂਦੀ ਹੈ-ਕਈ ਸੁੰਦਰ ਤੋਂ ਸੁੰਦਰ ਵਸਤੂ ਭੀ ਉਸਦੇ ਮਨ ਨੂੰ ਅਪਨੀ ਵਲ ਨਹੀ ਖਿਚ ਸਕਦੀ। ਬਸ "ਹਰਿਰਸ ਪੀਵਤਿ ਸਦ ਹੀ ਮਾਤਾ। ਆਨ ਰਸਾ ਖਿਣ ਮਹਿ ਲਹਿ ਜਾਤਾ। ਹਰਿ ਰਸਕੇ ਮਾਤੇ ਮਨਿ ਸਦਾ ਆਨੰਦ। ਆਨ ਰਸਾ ਮਹਿ ਵਿਆਪੇ ਚਿੰਦ" ਜਦ ਇਹ ਲਛਣ ਅਭਿਆਸੀ ਦੇ ਅੰਦਰ ਆਨ ਘਟਨ ਤਦ "ਹਰਿ ਸੰਤ ਕਰੇ ਸੋਈ ਪਰਵਾਣ" ਉਸਦੇ ਸਿਰ ਤੋਂ ਸਭ ਕਿਸੇ ਦਾ ਕੁੰਡਾ ਉਠ ਜਾਂਦਾ ਹੈ। ਜੋ ਕੁਛ ਉਸ ਦੀ ਮੌਜ ਆਵੇ ਕਰੇ। ਉਸ ਦੀ ਸਭਕਰਣੀ ਹੀ ਜਗਤ ਭਰ ਦੀ ਕਲਿਆਣ ਕਰਤਾ ਹੁੰਦੀ ਹੈ॥

ਕਈ ਬੁਧੀ ਖੋਏ ਐਸੇ ਭੀ ਹੁੰਦੇ ਹਨ ਜੋ ਅਪਨੇ ਆਪਨੂੰ ਬੜੇ ਸਚੇ ਪਰਮਾਰਥੀ ਹੋਣ ਦੇ ਦਮ ਮਾਰਿਆ

ਕਰਦੇ ਹਨ—ਪਰ ਜਦ ਏਸ ਟਿਕਾਣੇ ਦੀਆਂ ਬਾਤਾਂ ਇਹ ਸੁਨ ਲੈਣ ਕਿ ਪ੍ਰਮਾਰਥੀ ਪੂਰਣ ਅਵਸਥਾ ਵਿਚ ਤਾਂ ਖਾਣਾ ਪੀਣਾ ਆਦ ਦੇ ਸੁਖ ਭੀ ਰਹਿ ਜਾਂਦੇ ਹਨ ਤਾਂ ਡਰ ਭਜਦੇ ਹਨ ਕਿ ਅਸਾਂ ਇਸ ਪਥਰ ਅਵਸਥਾ ਨੂੰ ਕੀਹ ਕਰਨਾ ਹੈ—ਕੁਟੰਬ ਕੋੜਮੇ ਦਾ ਫਿਕਰ ਅਸਾਡੇ ਜਿੰਮੇ ਹੈ ਉਨਾਂ ਦੀ ਪਾਲਨਾ ਕਰਨੀ ਸਾਡਾ ਧਰਮ ਹੈ—ਕੌਨ ਸੰਸਾਰੀ ਸੁਖਾਂ ਨੂੰ ਛਡਕੇ ਇਸ ਮੌਤ ਦੇ ਸਮਾਨ ਦੁਖ ਵਾਲੇ ਸੁਖ ਦੀ ਇਛਾ ਕਰੇ ?। ਐਸਿਆਂ ਚਿੰਤਾਮਣੀ ਤੋਂ ਵਧਕੇ ਕੱਚ ਮਣੀ ਨਾਲ ਪਿਆਰ ਕਰਨ ਵਾਲਿਆਂ ਉਨਾਂ ਦਲਿਦੱਰੀਆਂ ਲਈ ਬੜੇ ਜੋਸ਼ ਦਾ ਉਤਰ ਗੁਰੂ ਸਾਹਬ ਦਿੰਦੇ ਹਨ ਕਿ "ਧ੍ਰਿਗੁ ੨ ਖਾਇਆ ਧ੍ਰਿਗੁ ੨ ਸੋਇਆ । ਧ੍ਰਿਗੁ ੨ ਕਾਪੜੁ ਅੰਗ ਚੜਾਇਆ । ਧ੍ਰਿਗੁ ਸਰੀਰ ਕੁਟੰਬ ਸਹਿਤ ਸਿਉ ਜਿਤ ਹੁਣ ਖਸਮੁ ਨ ਪਾਇਆ" ਲਖੰ ਫਿਟਕ ਦੀ ਇਕ ਧ੍ਰਿਗ ਹੋਂਦੀ ਹੈ—ਐਸੇ ਆਲਸੀ ਲੰਪਟਾਂ ਨੂੰ ਸਮਝਣਾ ਚਾਹੀਏ ਕਿ ਮੌਤ ਸਿਰ ਤੇ ਹੈ, ਪਤਾ ਨਹੀਂ ਕਿਸ ਵੇਲੇ ਕੇਸਾਂ ਤੋਂ ਆਨ ਫੜੇ । ਅਤੇ ਜਦ ਪਰਲੋਕ ਦੇ ਸੱਦੇ ਆਗਏ ਤਾਂ ਕੀਹ ਕੁਛ ਸਾਡੇ ਨਾਲ ਜਾਣਾ ਹੈ। ਇਹ ਤਾਂ ਸਭ ਕੁਛ ਇਥੇ ਹੀ ਪਿਆ ਰਹਿ ਜਾਣਾ ਹੈ ਕੋਈ ਕਿਸੇ ਦਾ ਹੈ ਹੀ ਨਹੀ "ਸੰਜੋਗ ਵਿਜੋਗ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ" । ਸੰਜੋਗਾਂ ਅਨੁਸਾਰ ਇਕ ਦੂਜੇ ਦਾ ਮੇਲ ਆਪਸ ਵਿਖੇ ਹੋਇਆ ੨ ਹੈ ਅਤੇ ਵਿਜੋਗਾਂ ਅਨੁਸਾਰ ਸਭ ਨੇ ਇਕ ਦੂਜੇ ਤੋਂ ਵਿਛੜ ਜਾਣਾ ਹੈ। ਅਰੁ ਜੈਸੇ ੨ ਕਿਸੇ ਦੇ ਭਾਗ ਹਨ 'ਸਭਸ ਨੂੰ ਅਪਨੇ ੨ ਧੁਰਦੇ ਲੇਖੇ ਮੂਜਬ' ਅਪਨੇ ਆਪ ਹੀ ਭੁਗਵੰਤ

ਵਲੋਂ ਪਹੁੰਚਦੇ ਰਹਿੰਦੇ ਹਨ "ਜੈਸੀ ਕਲਮਵੁੜੀ ਹੈ ਮਸ-
ਤਕ ਤੈਸੀ ਜੀਅੜੇ ਪਾਸ" । ਇਸਦੇ ਵਧਾਵਨ ਘਟਾਵਨ
ਲਈ ਤਾਂ ਕੋਈ ਦੇਵਤਾ ਆਦ ਭੀ ਸਮਰਥ ਨਹੀ ਹੋ ਸਕਦਾ
ਕੈਸੀ ਮੂਰਖਤਾ ਦੀ ਬਾਤ ਹੈ ਕਿ ਅਨਹੋਂਦ ਵਿਚ ਹੀ ਕਿਸੇ
ਦੀ ਪਾਲਨਾ ਆਪਨੇ ਜ਼ਿੰਮੇ ਮੰਨ ਦੇ ਹਨ ਅਤੇ ਕਿਸੇ ਦੀ ਸੇਵਾ
ਸਚਾ ਮਾਲਕ ਜੋ ਪਥਰਾਂ ਵਿਚ, ਜਲਾਂ ਥਲਾਂ ਵਿਚ ਆਕਾਸ
ਪਤਾਲ ਅਤੇ ਮਾਤਾ ਦੇ ਗਰਭ ਵਿਚ ਪਾਲਨ ਹਾਰਾ ਹੈ ਉਸ
ਅੰਤਰਜਾਮੀ ਦਾ ਉਪਕਾਰ ਹੀ ਵਿਸਾਰ ਦਿੰਦੇ ਹਨ। ਪਿਆਰੇ
ਅਧਿਕਾਰੀਓ ! "ਨਾ ਕਰੁ ਚਿੰਤ ਚਿੰਤਾ ਹੈ ਕਰਤੇ। ਹਰਿ ਦੇਵੈ
ਜਲਿ ਥਲਿ ਜੰਤਾਂ ਸਭ ਤੈ । ਅਚਿੰਤ ਦਾਨ ਦੇਇ ਪ੍ਰਭ
ਮੇਰਾ ਵਿਚ ਪਾਥਰਕੀਟ ਪਖਾਣੀ ਹੈ।" ਤੁਸੀਂ ਕਿਸੇ ਦੀ
ਚਿੰਤਾ ਨਾਂ ਕਰੋ ਜਿਸ ਕਰਤਾਰ ਨੇ ਸਰਿਸਟੀ ਰਚੀ ਹੈ
ਉਸਨੂੰ ਆਪਹੀ ਸਭ ਦੀ ਪਾਲਨਾ ਦਾ ਫਿਕਰ ਹੈ ਅਤੇ ਉਹੀ
ਹੁਣਭੀ ਪਾਲ ਰਿਹਾ ਹੈ। ਤੁਸਾਨੂੰ ਤਾਂ ਕੇਵਲ ਉਸਦਾ ਹੁਕਮ
ਇਸ ਫਿਕਰ ਕਰਨ ਦਾ ਹੈ ਕਿ "ਕਰੁ ਫਿਕਰ ਦਾਇਮ
ਲਾਇ ਚਸਮੇ ਜਹਿ ਤਹਾਂ ਮਉਜੂਦ" ਅਰਥਾਤ—ਹੇ ਬੰਦਿਓ!
ਸਦਾ ਹੀ ਉਸ ਅੰਤਰਜਾਮੀ ਸਚੇ ਮਾਲਿਕ ਦਾ ਫਿਕਰ ਕਰੋ
ਭਾਵ ਇਹ ਕਿ ਸਦੀਵ ਕਾਲ ਉਸੇ ਨੂੰ ਹੀ ਸਿਮਰੋ—ਅਰੁ
ਅਪਨੀਆਂ ਅਖਾਂ ਉਸਦੇ ਦਰਸ਼ਨ ਵਿਖੇ ਇਉਂ ਜੋੜੋ ਕਿ ਸਾਰੇ
ਪਰੀਪੂਰਣ ਹੋਇਆ ੨ ਉਹੀ ਪ੍ਰਕਾਸ਼ ਕਰ ਰਿਹਾ ਹੈ ।
ਇਸ ਭਾਂਤ ਸਰਬ ਠੌਰ ਉਸੇ ਪਰਮ ਜੋਤ ਦੇ ਚਮਤਕਾਰ
ਦੀਆਂ ਲਹਿਰਾਂ ਦੇਖਨ ਵਿਖੇ ਭਲਾ ਕੌਨ ਕੌਡੀ ਖਰਚ
ਹੁੰਦੀ ਹੈ "ਦੀਦਨੇ ਦੀਦਾਰ ਸਾਹਬ ਕੁਛ ਨਹੀ ਇਸਕਾ
ਮੁਲ" ਇਸ ਭਾਂਤ ਦੇ ਦਰਸਨ ਵਿਖੇ ਖਰਚ ਤਾ ਕੀਹ ਹੋਣਾ

ਹੈ ਸਗੋਂ ਲਾਭ ਹੀ ਲਾਭ ਹੈ ਕਿ "ਦਰਸ਼ਨ ਦੇਖਤਿ ਦੋਖ ਨਸੇ" ਅਨੇਕ ਪ੍ਰਕਾਰ ਦੇ ਔਗੁਣ ਅਤੇ ਵਿਕਾਰ ਜੋ ਮਨ ਵਿਚ ਭਰੇ ਹੋਏ ਹਨ ਜਿਨਾਂ ਨੇ ਅੰਤਾਕਰਣ ਨੂੰ ਪਲੀਦ ਕਰ ਛਡਿਆ ਹੋਇਆ ਹੈ ਇਸ ਭਾਂਤ ਦੇ ਦਰਸ਼ਨ (ਫਿਕਰ) ਮਾਤ੍ਰ ਤੇ ਹੀ ਸਭ ਦੂਰ ਹੋ ਜਾਂਦ ਹਨ ਤੇ ਮਨ ਨਿਰਮਲ ਹੋਕੇ ਸਚੀ ਮੁਕਤੀ ਦਾ ਅਧਿਕਾਰੀ ਬਨ ਜਾਂਦਾ ਹੈ। ਅਤੇ ਜਿਨਾਂ ਸੰਸਾਰੀ ਫਿਕਰਾਂ ਤੇ ਕਾਰਜਾਂ ਨੂੰ ਆਪਨਾ ਧਰਮ ਸਮਝ ਰਹੇ ਹੋ ਉਨਾਂ ਵਿਚ ਤੋਟਾ ਹੀ ਤੋਟਾ ਹੈ ਜੈਸਾ ਕਿ "ਕੂੜ ਮੋਹ ਪ੍ਰੀਤਿ ਸੁਆਦ। ਸਭਾ ਕਾਲਖ ਦਾਗਾ ਦਾਗ। ਦਾਗ ਦੋਸ ਮੁਹਿ ਚਲਿਆ ਲਾਇ। ਆਗੈ ਬੈਸਣੁ ਨਾਹੀ ਜਾਇ।" ਅਰੁ "ਗ੍ਰਿਹਸਥ ਉਦਾਸ ਚਿੰਤ ਹੰਕਾਰ। ਕਰਮ ਕਰਤਿ ਜੀਅ ਕਉ ਜੰਜਾਰ" ਸੰਸਾਰੀ ਧੰਦੇ ਅਤੇ ਫਿਕਰ ਕੇਵਲ ਜੰਜਾਲਾਂ ਦੇ ਕਾਰਣ ਅਰੁ ਕਲੰਕ ਦਾ ਘਰ ਹਨ। ਤਾਂਤੇ ਉਨਾਂ ਵਿਚ ਖਰਚ ਤੇ ਖਰਚ ਅਰੁ ਤੋਟੇ ਤੇ ਤੋਟਾ ਜਾਨਕੇ ਅਗਯਾਨਤਾ ਦਾ ਤਿਆਗ ਕਰੋ ਅਰੁ ਉਸ ਸਚੇ ਮਾਲਕ ਦੇ ਚਰਣਾਂ ਵਲ ਅਪਨੀ ਸੁਰਤ ਦੀ ਡੋਰੀ ਮੋੜੋ। ਤੁਸੀਂ ਕੋਈ ਨਹੀਂ ਮਰ ਜਾਂਦੇ—ਜਿਸ ਪੂਰਣ ਅਵਸਥਾ ਨੂੰ ਪਥਰ ਮੰਨ ਕੇ ਡਰਦੇ ਹੋ ਉਹ ਐਸਾ ਜੀਉਂਦੇ ਮਰਕੇ ਜੀਉਂ ਪੈਣ ਦੀ ਅਵਸਥਾ ਹੈ ਕਿ ਉਥੇ ਸੰਸਾਰੀ ਜੀਉਂਨਾ ਮਰਨਾ ਨਹੀ ਬਿਆਪ ਸਕਦਾ ਸੰਸਾਰ ਦੇ ਸੁਖ ਤਾਂ ਉਸ ਅਵਸਥਾ ਦੇ ਪੂਰਣ ਆਨੰਦ ਅਗ ਤੁਛ ਮਾਤ੍ਰ ਹਨ। ਉਹ ਸਚੀ ਮੁਕਤੀ ਹੈ ਅਰੁ ਸੰਸਾਰ ਮਹਾਂ ਬੰਧਨਾਂ ਦਾ ਅਸਥਾਨ ਹੈ ਇਸੇ ਕਰਕੇ "ਲਿਵ ਧਾਤੁ ਦੋਇ ਰਾਹ ਹੈਂ" ਪਰਮਾਰਥ ਦਾ ਤੇ ਸੰਸਾਰ

(ਮਾਇਆ) ਦਾ ਰਾਹ ਅਤ ੨ ਹੈ। ਇਕੋ ਕਾਲ ਵਿਖੇ ਹੀ ਦੋਹਾਂ ਰਸਤਿਆਂ ਉਪਰ ਨਹੀ ਤੁਰਿਆ ਜਾ ਸਕਦਾ। ਜੇਕਰ ਐਸਾ ਹੋ ਸਕਦਾ ਤਾਂ ਗੁਰੂਆਂ ਆਚਾਰਜਾਂ ਨੂੰ ਐਸੀਆਂ ਮੋਹਰਾਂ ਨਾਂ ਲੌਣੀਆਂ ਪੈਂਦੀਆਂ ਕਿ "ਨਾਨਕ ਧਾਤੁ ਲਿਵੈ ਜੋੜ ਨਾਂ ਆਵਈ ਜੇ ਲੋਚੈ ਸਭ ਕੋਇ" ਅਰਥ ਇਹ ਕਿ ਭਾਂਵੇ ਸੰਸਾਰ ਭਰਦੇ ਬੜੇ ੨ ਬਲੀ ਸਿਧ ਲੋਕ ਭੀ ਰਲਕੇ ਕਜੋਂ ਨਾ ਚਹੁੰਨ ਕਿ ਮਾਇਆ ਵਿਖੇ ਵਰਤਨ ਵਾਲਾ ਪਰਵਿਰਤੀ ਮਾਰਗ ਅਤੇ ਮਾਇਆ ਤੋਂ ਰਹਿਤ ਭਗਵੰਤ ਵਿਖੇ ਜੁੜਨ ਦਾ ਨਿਵਿਰਤੀ ਮਾਰਗ ਆਪਸ ਵਿਚ ਮਿਲ ਜਾਨ-ਪਰ ਐਸਾ ਕਦੀ ਨਹੀ ਹੋ ਸਕਦਾ। ਇਸੇ ਕਰਕੇ ਹੀ ਨਿਵਿਰਤੀ ਮਾਰਗ ਵਿਖੇ ਵਰਤਨ ਵਾਲੇ ਭਗਤਾਂ ਦਾ ਅਤੇ ਪਰਵਿਰਤੀ ਮਾਰਗ ਵਿਖੇ ਵਰਤਨ ਵਾਲੇ ਸੰਸਾਰੀਆਂ ਦਾ ਭੀ "ਭਗਤਾਂ ਤੇਸੰਸਾਰੀਆਂ ਜੋ ਕਦੇ ਨਾਂ ਆਯਾ" ਕਦੀ ਆਪਸ ਵਿਚ ਜੋੜ ਨਹੀ ਹੋਸਕਦਾ।

ਪਰ ਹਾਂ ਇਸ ਵਿਚ ਥੋੜਾ ਭੇਦ ਹੈ ਭੀ ਸਹੀ, ਕਿ ਜੇ ਸਦਾ ਪ੍ਰੇਮ ਸਚੇ ਮਾਲਕ ਦੇ ਮਿਲਨ ਦਾ ਮਨ ਵਿਚ ਪੂਰਾ ਹੋਵੇ-ਅਰੁ ਪੂਰੇ ਸਤਿਗੁਰੂ ਸਿਰਤੇ ਹੋਣ ਅਤੇ ਜਗਜਾਸੂ ਭੀ ਸਚੇ ਸਬਦ ਨੂੰ ਚੰਗੀ ਤਰਾਂ ਮਨ ਵਿਚ ਗੰਢ ਪਾਕੇ ਅੰਦਰ ਸੰਭਾਲ ਲਵੇ ਤਾਂ "ਹਰਿ ਜਨ ਮਾਇਆ ਮਾਹਿ ਨਿਸਤਾਰੇ" ਹਰੀ ਪਰਮਾਤਮਾ ਉਸ ਪ੍ਰੇਮੀ ਸੇਵਕ ਨੂੰ ਮਾਇਆ ਦੇ ਵਿਚ ਹੀ ਵਰਤਦਿਆਂ ਹੋਇਆਂ ਇਸ ਸੰਸਾਰ ਸਮੁੰਦਰ ਦੇ ਪਾਰ ਕਰਕੇ ਆਪਨੀ ਗੋਦ ਵਿਚ ਲੈ ਲੈਂਦਾ ਹੈ। ਕਾਰਣ ਇਸ ਵਿਚ ਇਹ ਹੈ ਕਿ "ਆਪੇ ਲਿਵ ਧਾਤੁ ਹੈ ਆਪੇ। ਆਪਿ ਬੁਝਾਏ ਆਪੇ ਜਾਪੇ।

ਆਪਿ ਸਤਿਗੁਰ ਸਬਦਿ ਹੈ ਆਪਿ । ਨਾਨਕ ਆਖਿ ਸੁਣਾਏ ਆਪਿ" ਅਰਥਾਤ ਲਿਵ (ਨਿਵਿਰਤੀ ਮਾਰਗ) ਅਤੇ ਧਾਤੁ (ਪਰਵਿਰਤੀ ਮਾਰਗ) ਇਹ ਭੀ ਉਹ ਆਪ ਹੋਕੇ ਪਸਰਿਆ ਹੋਇਆ ਹੈ। ਆਪਹੀਜਿਸਨੂੰ ਜਿਸ ਪਾਸੇ ਦੀ ਬੂਝ ਦੇਣੀ ਚਾਹੇ ਪਛਾਣ ਕਰਾਕੇ ਆਪ ਹੀ ਉਸ ਸਰੂਪ ਵਿਚ ਪਰਗਟ ਹੋ ਜਾਂਦਾ ਹੈ-ਸਤਿਗੁਰ ਸਰੂਪ ਭੀ ਆਪਹੀ ਹੈ ਤੇ ਆਪਹੀ ਗੁਰੂ ਮੰਤ੍ਰ ਰੂਪ ਹੋਇਆ ਉਪਦੇਸ ਸੁਣ ਤੇ ਸੁਣਾ ਲੈਂਦਾ ਹੈ । ਮਤਲਬ ਕੀਹ ਕਿ ਜਦ ਸਭ ਠਾਠ ਉਸਦਾ ਆਪਨਾ ਹੀ ਪਸਾਰਿਆ ਹੋਇਆ ਹੈ ਤਾਂ ਜਿਸਦੇ ਪ੍ਰੇਮ ਤੇ ਰੀਝਕੇ ਕਿਰਪਾ ਦੀ ਨਜਰ ਕਰ ਦੇਵੇ ਤਾਂ ਉਹ ਸਭ ਭਾਂਤ ਮਾਲਿਕ ਹੈ ਜੋ ਚਾਹੇ ਸੋ ਕਰ ਸਕਦਾ ਹੈ ਕੇਵਲ ਉਸਦੇ ਚਰਣਾਂ ਵਿਖੇ ਅਸਲੀ ਪ੍ਰੇਮ ਹੋਣਾ ਬਹੁਤ ਜਰੂਰੀ ਹੈ ॥

ਪ੍ਰੇਮ ਜਿਸਦੇ ਕਿ ਨਾਮ ਤੋਂ ਇਕ ਛੋਟਾ ਜੈਸਾ ਬਾਲਕ ਭੀ ਜਾਣੂ ਹੈ ਇਸ ਦੇ ਪੂਰੇ ੨ ਮਰਮ ਦਾ ਭੇਤੀ ਹਰ ਕੋਈ ਨਹੀ-ਬਲਕਿ ਇਹ ਇਕ ਐਸਾ ਸਿਰੋਮਣੀ ਪਦਾਰਥ ਹੈ ਜਿਸਨੂੰ ਪੂਰੀ ੨ ਤਰਾਂ ਨਾਲ ਕੋਈ ਐਸਾ ਪੰਡਿਤ ਭੀ ਨਹੀ ਸਮਝ ਸਕਦਾ ਜਿਸਦੇ ਅੰਦਰ ਕਿ ਥੋੜਾ ਬਹੁਤ ਇਸਦਾ ਨਿਵਾਸ ਨਾਂ ਹੋਵੇ-ਭਾਵੇਂ ਅਗਾਧ ਮਹਿਮਾਂ ਵਾਲੇ ਏਸ ਦਾ ਨਿਰਣਾ ਕਰਨਾ ਬੜੀ ਭਾਰੀ ਗੱਲ ਹੀ ਹੈ ਪਰ ਜੋਕਿ "ਪ੍ਰੇਮ ਪਰਾਇਣ ਪ੍ਰੀਤਮ ਰਾਉ" ਸਭ ਜਗਤ ਦਾ ਮਾਲਕ ਜੋ ਸਚਾ ਪ੍ਰੀਤਮ ਪਿਆਰਾ ਹੈ ਓਹ ਕੇਵਲ ਪ੍ਰੀਤ ਪਰਾਇਣ ਹੀ ਹੈ ਅਰਥਾਤ ਕੇਵਲ ਪ੍ਰੇਮ ਦ੍ਵਾਰੇ ਹੀ ਵੱਸ ਹੋ ਸਕਦਾ ਹੈ । ਜੈਸਾ ਕਿ "ਜਿਨਿ

ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ" ਦਸਮ ਗੁਰੂ ਜੀਦਾ ਬਚਨ ਹੈ। ਇਸ ਲਈ ਪਰਮਾਤਮਾ ਦੀ ਪ੍ਰਾਪਤੀ ਦੇ ਇਸ ਸਾਖਯਾਤ ਸਾਧਨ ਦਾ ਨਿਰਣਾ ਹੋਣਾ ਜ਼ਰੂਰੀ ਹੈ ਕਯੋਂਕਿ ਜਦ ਤਕ ਇਸ ਦਾ ਨਿਰਣਾ ਹੀ ਨਾਂ ਹੋਵੇ ਤਾਂ ਇਸਨੂੰ ਧਾਰਣ ਹੀ ਕੌਨ ਕਰੇਗਾ ਅਤੇ ਬਿਨਾਂ ਏਸਦੇ ਧਾਰਣ ਕੀਤਿਆਂ ਦੇ ਭਗਵੰਤ ਦੀ ਪ੍ਰਾਪਤੀ ਦੀ ਉਮੇਦ ਹੀ ਕਦੀ ਨਹੀ ਹੋ ਸਕਦੀ ਇਸ ਕਾਰਣ ਜਿਤਨੀ ਕੁਛ ਅੰਤਰ ਯਾਮੀ ਦੀ ਪ੍ਰੇਰਣਾ ਹੋਵੇ ਥੋੜਾ ਬਹੁਤ ਪਰਗਟ ਕੀਤਾ ਜਾਂਦਾ ਹੈਃ—

ਉਹ ਪੁਰਖ ਧੰਨ ਹਨ ਜਿਨਾਂ ਦੇ ਰਿਦੇ ਵਿਚ ਇਸ ਪ੍ਰੇਮ ਦਾ ਪ੍ਰਕਾਸ਼ ਹੈ ਉਨਾਂ ਨੂੰ ਕਦਾਚਿਤ ਕਿਸੇ ਬਾਤ ਵਾਸਤੇ ਘਾਬਰਨ ਦੀ ਲੋੜ ਨਹੀ ਕਯੋਂਕਿ ਪ੍ਰੇਮ ਵਿਚ ਸਭ ਭਾਂਤ ਦੀ ਸਮਰੱਥਾ ਹੈ-ਇਹ ਐਸਾ ਸਿਰੋਮਣੀ ਪਦਾ-ਰਥ ਹੈ ਕਿ ਇਸ ਨੂੰ ਕਦੀ ਭੀ ਕਿਸੇ ਤਰਾਂ ਦਾ ਵਿਘਨ ਨਹੀ ਬਿਆਪ ਸਕਦਾ। ਮੋਹ, ਰੋਗ, ਸੋਗ, ਦੋਖ, ਸੰਸੇ, ਭਰਮ ਵੈਰ ਵਿਰੋਧ ਆਦਿ ਜੋ ਕੁਛ ਭੀ ਮਲਿਨਤਾਈਆਂ ਤੇ ਕੁਟਿਲ ਤਾਈਆਂ ਇਸ ਜੀਵ ਦੇ ਬੰਧਨ ਦਾ ਕਾਰਣ ਹਨ ਉਹ ਸਭ ਹੀ ਇਸ ਪ੍ਰੇਮ ਦੀ ਪੌਣ ਅਗੇ ਇਸ ਭਾਂਤ ਉਡ ਜਾਂਦੀਆਂ ਹਨ-ਜਿਸ ਤਰਾਂ ਕਿ ਪ੍ਰਚੰਡ ਪੌਣ ਦੇ ਬੇਗ ਅਗੇ ਬਦਲਾਂ ਦੀ ਘਟਾ ਉਡ ਜਾਂਦੀ ਹੈ। ਜਿਥੇ ਇਸ ਦਾ ਡੇਰਾ ਆਨ ਲਗਦਾ ਹੈ ਸਭ ਭਾਂਤ ਦੇ ਗੁਣ ਅਰ ਸੁਭ ਸਾਧਨ ਆਪਨੇ ਆਪ ਹੀ ਉਥੇ ਆਨ ਬਸੇਰਾ ਕਰਦੇ ਹਨ। ਇਸਦੇ ਕਾਰਣ ਮਨੁਖ ਦੀ ਐਸੀ ਅਚਰਜ ਮਈ ਦਸ਼ਾ ਪਲਟ ਕੇ ਹੁੰਦੀ ਹੈ ਜਿਸ ਦਾ ਵਰਨਣ ਕਰਨਾ ਤਾਂ ਅਸੰਭਵ ਹੈ-ਬਸ ਪ੍ਰੇਮੀ ਜਨ ਅਪਨੇ

ਅੰਦਰ ਆਪ ਹੀ ਅਨਭਉ ਕਰ ਸਕਦਾ ਹੈ। ਬਹੁਤ ਕੀਹ ਕਿਹਾ ਜਾਵੇ ਪ੍ਰੇਮੀ ਨੂੰ ਪ੍ਰੀਤਮ ਨਾਲ ਇਉਂ ਅਭੇਦ ਕਰਦਾ ਹੈ, ਜਿਸ ਤਰਾਂ ਕਿ 'ਕ੍ਰਿਸਣ ਕ੍ਰਿਸਣ ਪੁਕਾਰਦੀ ਹੁਣ ਆਪ ਕ੍ਰਿਸਣ ਹੋ ਰਹੀਆਂ'। ਅਥਵਾ "ਤੂੰ ਤੂੰ ਕਰਤਾ ਤੂੰ ਭਇਆ ਮੁਝ ਮੇਂ ਰਹਾ ਨ ਹੂੰ। ਜਬ ਆਪਾ ਪਰਕਾ ਮਿਟ ਗਇਆ ਜਤ ਦੇਖਾਂ ਤਤ ਤੂੰ" ਇਹ ਬਚਨ ਪ੍ਰਗਟ ਕਰਦੇ ਹਨ।

ਪਰ ਪ੍ਰੇਮ ਦੇ ਮਾਰਗ ਵਿਖੇ ਚਲਨਾ ਸੁਖਾਲੀ ਗੱਲ ਨਹੀਂ ਹੈ।

ਕਾਇਰ ਕੂਰ ਨਰਾਧਮ ਜੋਈ। ਪ੍ਰੇਮ ਪੰਥ ਚਲਿ ਸਕੈ ਨ ਸੋਈ। ਸੀਸ ਹਾਥਿ ਧਰਿ ਸੱਚਾ ਸੂਰਾ। ਮਾਰਗਿ ਪ੍ਰੇਮ ਰਖੈ ਪਗ ਪੂਰਾ॥੧
ਅੰਗ ਅੰਗ ਕਜੋਂ ਨਾ ਕਟ ਜਾਵੇਂ। ਪ੍ਰੇਮ ਰਾਹ ਪਗ ਧਰਤੋ ਜਾਵੇ॥ ਸੱਚਾ ਪ੍ਰੇਮੀ ਸੋਈ ਅਹੈ। ਸੀਸ ਭੇਟਿ ਬਖਸੀਸ ਸੁ ਲਹੈ॥ ੨ ॥ ਸੀਸ ਦੇਤਿ ਨਹਿ ਸੀਅ ਉਚਰੈ। ਸੁਖ ਦੁਖਾਦਿ ਮਤਿ ਸਗਲ ਵਿਸਰੈ॥ ਗੁਰ ਬਚ ਸਫਲ ਕਰਤਿ ਦਿਖਲਾਵੈ।ਲਾਂਘਿ ਪ੍ਰੇਮ ਮਗਿ ਪ੍ਰੀਤਮ ਪਾਵੈ॥੩
"ਜਉ ਤਉ ਪ੍ਰੇਮ ਖੇਲਨਿ ਕਾ ਚਾਉ। ਸਿਰ ਧਰਿ ਤਲੀ ਗਲੀ ਮੇਰੀ ਆਉ॥ ਸਿਰ ਦੀਜੈ ਕਾਣ ਨ ਕੀਜੈ। ਤਉ ਇਤ ਮਾਰਗਿ ਪੈਰ ਧਰੀਜੈ" ॥ ੪ ॥

"ਸਿਰਦਿਤਿਆਂ ਜੇ ਸਹੁਮਿਲੈ ਤਾਂ ਭੀ ਸਸਤਾ ਜਾਣ"
ਜੀਵਤਿ ਸਭ ਸਿਰਦਾਰ ਹੈ ਮਰਤਿ ਲਹੇਂ ਨਿਰਬਾਨ ॥ ੫ ॥

ਪਰਮਾਰਥ ਦਾ ਰਾਹ ਕਿਡਾ ਬਿਖੜਾ ਹੈ-ਇਕ ਔਖੀ ਘਾਟੀ ਅਜੇ ਲੰਘ ਨਹੀ ਚੁਕਦੀ-ਦੂਜੀ ਹੋਰ ਕਰੜੀ ਮਜ਼ਲੇ ਸਾਮਨੇ ਆ ਜਾਂਦੀ ਹੈ। ਪਿਛੇ ਤਾਂ ਸੰਸਾਰੀ ਫਿਕਰਾਂ ਵਿਚੋਂ ਹੀ ਔਖੀ ਤਰਾਂ ਨਿਕਲਨਾ ਹੋਇਆ ਸੀ-ਕਿ ਹੁਣ ਸਿਰਾਂ ਦੀ ਬਾਜ਼ੀ ਆਨ ਲਗੀ ਹੈ।

ਇਸ ਬਾਜ਼ੀ ਦਾ ਦਾਉ ਲਗਦਾ ਦੇਖਕੇ ਫਰੀਦ ਜੀ ਦੀ ਨਿਆਂਈ "ਵਾਟ ਹਮਾਰੀ ਖਰੀ ਉਡੀਨੀ। ਖੰਨਿਅਹੁ ਤਿਖੀ ਬਹੁਤ ਪਿਈਨੀ* ਇਸ ਉਪਰ ਹੈ ਮਾਰਗ ਮੇਰਾ। ਸੇਖ ਫਰੀਦਾ ਪੰਥ ਸਮਾਰ ਸਵੇਰਾ ॥" ਕਿਹੜਾ ਹੌਸਲੇ ਵਾਲਾ ਹੋਊ, ਜਿਸ ਦਾ ਜਿਗਰਾ ਕੰਬ ਜਾਨੋਂ ਥੰਭਿਆ ਰਹਿ ਸਕਦਾ ਹੋਵੇ-ਐਸਾ ਕੌਨ ਪਿਆਰੇ ਦੇ ਦੀਦਾਰ ਦੀ ਡਾਢੀ ਸਿਕ ਵਾਲਾ ਹੋਵੇਗਾ ਜੋ ਐਸੀ ਔਕੜ ਫਾਥਿਆਂ ਭੀ ਪ੍ਰੇਮ ਦਾ ਸੌਦਾ ਖਰੀਦਨੋਂ ਪੈਰ ਪਿਛਾਹਾਂ ਨਾਂ ਪੌਂਦਾ ਹੋਵੇ।

ਧੰਨ ਹਨ ਉਹ ਅਡਿਗ ਹੌਸਲੇ ਵਾਲੇ-ਜੋ ਪਿਆਰੇ ਸਚੇ ਪ੍ਰੀਤਮ ਦੇ ਮਿਲਨ ਲਈ ਸਿਰ ਦੇ ਵਾਰਿ ਜਾਨੋਂ ਭੀ ਨਹੀ ਡਰਦੇ—

ਦੋਃ ॥ ਹਾਡ ਚਾਮ ਕੇ ਪੂਤਲੇ ਭੂਲੇ ਹੋ
ਕਿਸ ਪੇਖ। ਯਿਹ ਜਗ ਸੁਪਨਿ ਸਮਾਨ ਹੈ
ਕੂੜਾ ਸਾਥ ਨ ਦੇਖ॥ ੧ ॥ ਸਭ ਕੋ ਸੁਆਰਥ
ਮੇਂ ਫਸਾ ਤੂੰ ਨਿਜ ਸੁਆਰਥ ਤਿਆਗਿ। ਕਨੌਂ
ਤਿਨ ਹਿਤ ਨਿਜ ਖਪਿ† ਹੋਂ ਕਹਾ ਭਜੋ ਹਤ
ਭਾਗ‡॥ ੨ ॥ ਨ ਕਿਸ ਕਾ ਕੋਈ ਅਹੈ-ਤੂੰ

*ਤੇਜ਼ ਧਾਰ ਵਾਲੀ †ਠਿਗੀਂਦਾ ਹੈ ਆਪਨੇ ਆਪ ਨੂੰ
‡ਹੇ ਮੰਦ ਭਾਗੇ

ਕਿਸ ਕਾ ਭੀ ਨਾਂਹਿ। ਸਭ ਅਪਨਾ ਸੁਖ ਤਾਕਿ
ਹੈਂ, ਕੋ ਸੁਖ ਤੋਰੁ ਨ ਚਾਹਿ ॥ ੩ ॥ ਕਤੇਂ
ਤਿਨ ਹਿਤ§ ਨਿਸ ਦਿਨ ਮਰੇਂ ਅਪਨੇ ਹਿਤ‖
ਕੋ ਭੂਲ। ਮਰਣੁ ਚਿਤਾਰੋ ਆਪਨਾ ਖੋਜਹੁ
ਜੀਵਤਿ ਮੂਲ ॥ ੪ ॥ ਨਹੀਂ ਧਾਮ ਧਨ ਕਾਮ
ਕਿਸ ਯਹੀਂ ਧਰਾ ਰਹਿ ਜਾਇ। ਸਾਥ ਚਲੇ
ਇਕ ਨਾਮ ਹਰਿ, ਭਜਹੁ ਤਿਸੇ ਚਿਤ ਲਾਇ
॥ ੫ ॥ ਤਨ ਤੁਝ ਆਯੋ ਸੰਗ ਥਾ, ਪਰ ਨਹੀ
ਹੋਇ ਸੰਗਾਰ। ਜਿਸ ਮਰਕਰਿ ਹੈ ਟੂਟਨਾ
ਜੀਵਤਿ ਤਿਸੈ ਵਿਸਾਰਿ ॥ ੬ ॥ ਤਨੁ ਧਨ
ਧਾਮ ਕਟੰਬ ਸੇ ਸਭ ਬਿਧਿ ਮੋਹ ਤਿਆਗ।
ਆਠ ਪਹਿਰ ਚੌਸਠ ਘੜੀ ਹਰੀ ਭਜਨ ਮੈਂ
ਲਾਗ ॥ ੭ ॥ਹਰੀ ਭਜਨ ਹਿਤ ਤਜਨੁ ਸਿਰ
ਸਰਤ ਪਹਿਲੇਰੀ ਆਹਿ। ਧਰੁ ਸਿਰ ਸਤਿ
ਗੁਰ ਪਾਦ ਪਰ ਹੋਕਰਿ ਬੇ ਪਰਵਾਹਿ ॥ ੮ ॥
"ਜਉ ਤੁਹਿ ਸਾਧ ਪਿਰੰਮ ਕੀ ਸੀਸ ਕਾਟ
ਕਰਿ ¶ਗੋਇ। ਖੇਲਤਿ ੨ ਹਾਲ ਕਰੁ ਜੋ
ਕਿਛੁ ਹੋਇ ਤ ਹੋਇ"॥ ੯॥ ਖਵਰਦਾਰ ਧਰ
ਸੰਭਲੀਅਹੁ ਭੂਲ ਨ ਜਾਈਅਹੁ ਮੂਲ। ਹੋਸ
ਦਾਰ ਸੁਖੁਪਾਵਿਟੇ() ਪਰਮਾਦੀਸਿਰਧੂਲ॥੧੦॥
"ਜਉ ਤੁਹਿ ਸਾਧ ਪਿਰੰਮ ਕੀ ਧਾਕੇ ਸੇਤੀ

§ਵਾਸਤੇ ‖ਕਲਜੀਨ ਭਲਾਈ ¶ਗੇਂਦ ਖਿੱਨੂ
()ਸੰਭਾਲ ਕੇ ਨਾਂ ਚਲਨ ਵਾਲਾ

ਖੇਲੁ। ਕਾਚੀ ਸਰ ਸਉ ਪੇਲਿਐ ਨਾਂ ਖਲਿ
ਭਈ ਨ ਤੇਲੁ" ॥ ੧੧ ॥ ਵੇਲਾ ਹੈ ਸੰਭਾਲ
ਲੇ, ਜਿਹ ਛਲਿ ਨਹਿ ਚਲਿ ਆਇ।ਘੜੀ੨
ਆਯੁ ਘਟੇ, ਖੋਰੇ ਘਟਿ ਜਲ ਜਾਇ ॥ ੧੨॥
"ਗਗਨ ਦਮਾਮਾਂ ਬਾਜਿਓ ਪਰਿਓ ਨਿਸਾਣੇ
ਘਾਉ । ਖੇਤ ਜੁ ਮਾਂਡਿਓ ਸੂਰਮਾ ਅਬ
ਜੂਝਨਿ ਕੋ ਦਾਉ॥ ੧੩॥ ਸੂਰਾ ਸੋ ਪਹਿਚਾ
ਨੀਏ ਜੋ ਲਰੈ ਦੀਨ ਕੇ ਹੇਤੁ । ਪੁਰਜਾ ੨
ਕਟ ਮਰੇ ਕਬਹੂੰ ਨ ਛਾਡੇ ਖੇਤ" ॥ ੧੪ ॥

ਭਾਵ ਇਸਦਾ ਇਹ ਹੈ ਕਿ ਭਲਾ ਅਮੋਲਕ ਮਾਨਸ ਦੇਹੀ ਨੂੰ ਪਾਕੇ ਉਸ ਤੇ ਭੀ ਇਹ ਕਿ ਜੇ ਸਤਿਸੰਗ ਵਿਚ ਆਕੇ (ਫੇਰ) ਇਸ ਪਰੇਮ ਦਾ ਮਹਿੰਗਾ ਸੌਦਾ ਖਰੀਦਨੋਂ ਕੁਛ ਡਰ ਔਂਦਾ ਹੋਵੇ ਤਾਂ ਫੇਰ ਉਹ ਕੌਨ ਵੇਲ਼ਾ ਆਵੇਗਾ । ਜਦ ਕਿ ਆਪਨਾ ਨਫੇਵੰਦਾ ਵਪਾਰ ਕਰਕੇ ਉਸ ਮਾਲਕ ਦੇ ਸਾਮਣੇ ਜਾਨਾ ਹੋਊ। ਅਤੇ ਜੇ ਅਸਲ਼ ਮਸਲ ਕੀਤੀ ਗਈ ਤਾਂ "ਅਜ ਕਲ ਕਰਦਿਆਂਕਾਲ ਵਿਆਪੇ-ਤਿਨ ਕਦੇ ਨ ਚੁਕਨ ਹਾਵੇ" ਬਸ ਕਾਲ ਨੇ ਸਿਟੋਂ ਆਨ ਫੜਨਾ ਹੈ ਫੇਰ ਕੇਵਲ ਪਛੋਤਾਵੇ ਦੇ ਹੌਕੇ ਮਾਤ੍ਰ ਹੀ ਰਹਿ ਜਾਨਗੇ ਜਿਨਾਂ ਦਾ ਉਪਾਵ ਫੇਰ ਕਦਾਚਿਤ ਨਹੀ ਹੋ ਸਕੇਗਾ ਕਯੋਂਕਿ "ਅਬਹਿ ਨ ਮਾਤਾ ਸੋ ਕਬਹੁ ਨ ਮਾਤਾ"। "ਪਉੜੀ ਛੁੜਕੀ ਫਿਰ ਹਾਥਿ ਨ ਆਵੈ"। ਤਾਂ ਤੇ ਹੁਣੇ ਸਰੀਰ ਵਿਚ ਜੋਬਨ ਬਲ ਦੇ ਹੁੰਦਿਆਂ ਸੁੰਦਿਆਂ ਹੀ "ਵਣਜਾਰਿਆਂ ਸਿਉ ਵਣਜ ਕਰਿ ਲੈ ਸੌਦਾ ਘਰਿ ਚਲੁ" ਪਰ ਜੇ ਏਸ ਬਾਤ ਦਾ ਸੰਸਾ ਹੋਵੇ ਕਿ ਜੇ ਸੰਤਾਂ ਸਤਿਗੁਰਾਂ

ਰੂਪ ਸੁਦਾਗਰਾਂ ਤੋਂ ਸਬਦ ਰੂਪੀ ਸੌਦਾ ਲੈਣ ਲਈ ਪ੍ਰੇਮ ਦਾ ਵਣਜ ਨਾਂ ਭੀ ਕੀਤਾ ਜਾਵੇ ਤਾਂ ਕੀਹ ਹਾਨੀਹੈ? ਭਾਂ— "ਪ੍ਰੀਤਿ ਬਿਨੈ ਕੈਸੇ ਬਧੈ ਸਨੇਹੁ" ਬਿਨਾਂ ਪ੍ਰੀਤੀ ਦੇ ਉਸ ਸਰੇ ਮਾਲਕ ਨਾਲ ਅਨੁਰਾਗ (ਪਿਆਰ) ਨਹੀਂ ਬਝ ਸਕਦਾ ਅਤੇ ਪਿਆਰ ਲਗੇ ਬਿਨਾਂ "ਮੁੰਢੇ ਘਰ ਕਾ ਪਾਹੁਨਾ ਜਿਉ ਆਇਆ ਤਿਉਂ ਜਾਇ" ਛੁਟੜਾਂ ਵਾਲੀ ਭੈੜੀ ਦਸ਼ਾ ਹੀ ਆਦਮੀ ਦੀ ਹੁੰਦੀ ਹੈ। ਕਯੋਂਕਿ ਜਦ ਤਕ ਪਰਮਾਤਮਾ ਸਤਿਗੁਰਾਂ ਨਾਲ ਪ੍ਰੀਤ ਨਾਂ ਅਧਿਕਾਰੀ ਦੀ ਹੋਵੇ ਤਦ ਤਕ ਉਨਾਂ ਦੇ ਬਚਨਾਂ ਉਪਦੇਸ਼ਾਂ ਪਰ ਪਰਤੀਤ ਕਦੀ ਭੀ ਨਹੀ ਆ ਸਕਦੀ। ਅਰੁ ਜੇ ਪਰਤੀਤ ਹੀ ਨਾ ਹੋਈ ਤਾਂ ਬੇ ਪਰ ਤੀਤਾ ਆਦਮੀ ਹੀ ਨਾਸਤਿਕ ਹੁੰਦਾ ਹੈ ਅਰਥਾਤ ਬਿਨਾਂ ਪਰਤੀਤ ਦੇ ਉਹ ਐਸਾ ਹੁੰਦਾ ਹੈ ਜੈਸਾ ਕਿ ਉਹ ਆਦਮੀ ਜੋ ਹਤਿਆਰਾ ਕਿ ਇਹ ਮੰਨਦਾ ਹੋਵੇ ਕਿ ਪਰਮਾਤਮਾ ਕੋਈ ਹੈ ਹੀ ਨਹੀ ਅਤੇ ਐਸਾ ਜੋ ਨਾਸਤਿਕ ਪੁਰਖ ਹੁੰਦਾਹੈ ਉਸ ਨੂੰ ਨਰਕਾਂ ਵਿਚ ਭੀ ਠੌਰ ਨਹੀ ਮਿਲਦੀ ਕਯੋਂਕਿ ਜਿਸ ਭਗ ਵੰਤ ਨੇ ਆਪਨੀ ਕਿਰਪਾਲਤਾ ਨਾਲ ਇਸ ਬੰਦੇ ਨੂੰ ਅਪਾਰ ਸੁਖ ਬਖਸ਼ੇ ਹਨ ਉਸਦੇ ਉਪਕਾਰਾਂ ਨੂੰ ਯਾਦ ਕਰਨ ਦੀ ਬਦਲ ਸਗੋਂ ਉਲਟਾ ਉਸ ਦਾ ਮਹਾਂ ਅਜੋਗ ਨਿਰਾਦਰ ਕਰਨਾ ਐਸੇ ਕ੍ਰਿਤਘਨ ਨੂੰ ਨਰਕਾਂ ਵਿਚ ਕਿਸ ਤਰਾਂ ਥਾਸਾ ਮਿਲੇ-ਤਾਂਤੇ ਪ੍ਰੀਤ (ਪ੍ਰੇਮ) ਬਿਨਾਂ ਇਹ ਹਾਨੀ ਹੁੰਦੀ ਹੈ ਕਿ ਜੀਵ ਦੇ ਅੰਦਰ ਪੂਰੀ ੨ ਪਰਤੀਤ ਨਹੀ ਔਂਦੀ ਅਤੇ ਪਰ ਤੀਤ ਬਿਨਾ ਉਸ ਦੀ ਸਾਰੀ ਕਾਰਰਵਾਈ ਕੀਤੀ ਹੋਈ ਇਸ ਤਰਾਂ ਬਿਅਰਥ ਜਾਂਦੀ ਹੈ ਜਿਸ ਤਰਾਂ ਸੁਆਹ ਵਿਚ ਘਿਓ ਦੀ ਹੂਤੀ ਪਾਈ ਐਵੇ ਜਾਂਦੀ ਹੈ।

ਇਸ ਭਾਂਤ ਜਦ ਪ੍ਰੇਮ ਦੀ ਜ਼ਰੂਰੀ ਲੋੜ ਦਾ ਪਤਾ ਲਗ ਗਿਆ ਤਾਂ ਇਸ ਦੇ ਉਤਪੰਨ ਕਰਨ ਦਾ ਕੋਈ ਉਪਾਵ ਭੀ ਜ਼ਰੂਰ ਹੀ ਲੋੜੀਏ ਸੋ ਇਸਦੇ ਉਤਪੰਨ ਕਰਨ ਵਾਸਤੇ ਅਵਸ ਕਰਕੇ ਇਹ ਗੱਲ ਲੋੜੀਦੀ ਹੈ ਕਿ ਮਨ ਵਿਚੋਂ ਹੋਰ ਸਭ ਭਾਂਤ ਦੀ ਪ੍ਰੀਤੀ ਘਟਾਈ ਜਾਵੇ ਕਯੋਂਕਿ "ਵਸਤੂ ਅੰਦਰ ਵਸਤ ਸਮਾਵੇ ਦੂਜੀ ਹੋਵ ਪਾਸਿ" ਜੇ ਕਿਸੇ ਭਾਂਡੇ ਵਿਚ ਬਹੁਤ ਸੰਭਾਲ ਕੇ ਰਖਨ ਵਾਲੀ ਚੀਜ ਪੌਣੀ ਹੋਵੇ ਤਾਂ ਉਹ ਤਦੋਂ ਹੀ ਪਾਈ ਜਾ ਸਕਦੀ ਹੈ ਜੇਕਰ ਪਹਿਲੀ ਮਮੂਲੀ ਚੀਜ਼ ਨੂੰ ਉਸ ਭਾਂਡੇ ਵਿਚੋਂ ਕਢਕੇ ਬਾਹਰ ਕਰ ਦਿਤਾ ਜਾਵੇ ਤਾਂ—ਜਿਸਦੇ ਵਾਸਤੇ ਗੁਰੂ ਜੀ ਆਪ ਹੀ ਬਚਨ ਕਰਦੇ ਹਨ ਕਿ "ਧ੍ਰਿਗ ਇਹ ਪ੍ਰੀਤਿ ਮਾਇਆ ਮੋਹ ਕਾਚਾ । ਬਿਨਸ ਜਾਇ ਕੂੜਾ ਕਰ ਪਾਚਾ' ਅਰਥਾਤ ਇਸ ਮਾਇਆ ਮੋਹ ਦੀ ਕਚੀ ਪ੍ਰੀਤਿ ਨੂੰ ਧਿਰਕਾਰ ਹੈ ਕਿਉਂਕਿ ਇਹ ਤਾਂ ਕੇਵਲ ਕੱਚ ਮਾਤ੍ਰ ਦਾ ਹੀ ਪਾਜ ਹੈ ਜੋ ਝੂਠਾ (ਸੁਆਰਥ ਦੇ ਅਧੀਨ ਰਹਿਨ ਵਾਲਾ ਹੋਣ ਦੇ ਕਾਰਣ) ਨਾਸ ਹੋ ਜਾਂਦਾ ਹੈ ਤਾਂਤੇ ਅਧਿਕਾਰੀ ਜਨਾਂ ਨੂੰ ਇਸ ਸੰਸਾਰੀ ਮੋਹ ਨੂੰ ਅੰਦਰੋਂ ਤਿਆਗਨਾ ਹੀ ਪਰਵਾਣ ਹੈ। ਇਸੇ ਬਾਤ ਨੂੰ ਸਾਫ ਤਰਾਂ ਨਾਲ ਭੀ ਦਸਿਆ ਗਿਆ ਹੈ ਜੈਸਾ ਕਿ "ਧ੍ਰਿਗੰਤ ਮਾਤ ਪਿਤਾ ਸਨੇਹੰ। ਧ੍ਰਿਗ ਸਨੇਹੰ ਭ੍ਰਾਤ ਬਾਂਧਵਹ । ਧ੍ਰਿਗ ਸਨੇਹੰ ਬਨਿਤਾ ਬਿਲਾਸ ਸੁਤਹ ਧ੍ਰਿਗ ਸਨੇਹੰ ਗ੍ਰਿਹਾਰਥ ਕਹ। (ਸਾਧ ਸੰਗਿ ਸਨੇਹ ਸਤੰ-ਸੁਖਯੰ ਬਸੰਤਿ ਨਾਨਕ)।"

ਜਿਸ ਕਿਸੇ ਦੇ ਚਿਤ ਵਿਚ ਸਿਵਾਇ ਸੰਤਾਂ ਸਤਿਗੁਰਾਂ ਅਰੁ ਪਰਮਾਤਮਾਂ ਦੇ ਪਿਆਰ ਦੇ ਹੋਰ ਕਿਸੇ ਸਨਬੰਧੀ-ਯਾ ਵਸਤੂ-ਅਥਵਾ ਕਿਸੇ ਵਿਸੇਸ ਸੰਸਾਰੀ ਕੰਮਕਾਜ ਵਿਚ ਥੋੜੀ

ਬਹੁਤ ਲਗਨ ਅਜੇ ਬਾਕੀ ਹੋਵੇਗੀ ਜ਼ਰੂਰੀ ਹੀ ਇਹ ਅਖਰ ੨ ਸਚੇ ਬਚਨ ਉਸਦੇ ਜਿਗਰ ਉਪਰ ਸੱਟ ਤਾਂ ਮਾਰਦੇ ਹੀ ਹਨ ਪਰ ਜਦ ਵਿਚਾਰ ਕੇ ਦੇਖਿਆ ਜਾਵੇ ਤਾਂ ਇਸ ਐਡੇ ਜੋਰ ਨਾਲ ਕਰੜੇ ਵਾਕ ਕਹਿਨ ਵਿਚ ਗੁਰੂ ਸਾਹਿਬ ਦਾ ਅਭਿਪ੍ਰਾਯ ਇਹ ਪਤਾ ਲਗਦਾ ਹੈ ਕਿ ਜਿਤਨੇ ਮਾਤ੍ਰ ਸੰਸਾਰੀ ਜੀਵ ਹਨ ਸੋ ਸਭੇ ਹੀ ਕਾਮ ਕ੍ਰੋਧ ਲੋਭ ਅਤੇ ਮੋਹ ਦੇ ਵਸ ਹੋਏ ੨ ਹਨ-ਇਨਾਂ ਦੇ ਵਸ ਹੋਕੇ ਹੀ ਸਭਨੇ ਕਰਤਾਰ ਨੂੰ ਵਿਸਾਰ ਛਡਿਆ ਹੋਇਆ ਹੈ, ਜੇਸਾ ਕਿ "ਕਾਮ ਕ੍ਰੋਧ ਮੋਹ ਬਸ ਪ੍ਰਾਣੀ ਹਰਿ ਮੂਰਤਿ ਬਿਸਰਾਈ" ਇਸ ਬਚਨ ਤੋਂ ਪਰਗਟ ਹੁੰਦਾ ਹੈ ਸੋ ਇਨਾਂ ਕਾਮ ਕ੍ਰੋਧ ਆਦਿਕਾਂ ਵਿਚੋਂ ਇਹ ਮੋਹ ਸਭਦਾ ਹੀ ਸਰਦਾਰ ਹੈ ਭਾਂਵੇ ਕਾਮ ਕ੍ਰੋਧ ਵਗੈਰਾ ਸਭੇ ਦੂਤ ਹੀ ਬੜੇ ੨ ਬਲੀ ਹਨ—ਪਰ ਫੇਰ ਭੀ ਇਹ ਸਭ ਸੈਨਾਪਤੀ ਹਨ ਤੇ ਮੋਹ ਇਨਾਂ ਵਿਚੋਂ ਸਭਦਾਂ ਰਾਜਾ ਹੈ—ਜੇਕਰ ਮੋਹ ਜੜੋਂ ਕਾ ਤਣੋਂ ਅਧਿਕਾਰੀ ਦੇ ਅੰਦਰੋਂ ਨਾਂ ਟੁਟੇ ਤਾਂ ਭਾਵੇ ਕੋਈ ਬ੍ਰਹਮਚਰਜ ਖਿਮਾ—ਅਤੇ ਸੰਤੋਖ ਆਦ ਸਾਧਨਾਂ ਨਾਲ ਕਾਮ ਕ੍ਰੋਧ ਲੋਭ ਆਦ ਦੂਤਾਂ ਨੂੰ ਰੋਕ ਭੀ ਲਵੇ-ਪਰ ਮੋਹ ਦੇ ਅੰਦਰ ਇਸਥਿਤ ਹੋਣ ਦੇ ਕਾਰਣ ਫੇਰ ਭੀ ਇਹ ਆਨ ਹੀ ਪੁਜਿਆ ਕਰਦੇ ਹਨ—ਏਹੋ ਹੀ ਸਬਬ ਹੈ ਕਿ ਕਈ ਵਾਰ ਕਈ ਜਨੇ ਕਿਸੇ ਦੁਖ ਵਗੈਰਾ ਦੇ ਨਮਿਤ ਕਰਕੇ ਵੈਰਾਗੀ ਹੋਕੇ ਘਰ ਬਾਹਰ ਛਡ ਨਿਕਲਦੇ ਹਨ ਪਰ "ਨਾਂ ਮੋਹ ਟੂਟੇ ਨਾ ਥਾਇ ਪਾਂਹਿ" ਜੋ ਕਿ ਮੋਹ ਅਜੇ ਅੰਦਰੋਂ ਟੁਟਿਆ ਨਹੀ ਹੁੰਦਾ ਇਸ ਵਾਸਤੇ ਉਧਰ ਨਿਵ੍ਰਿ-ਰਤੀ ਮਾਰਗ ਵਿਖੇ ਚਿਤ ਨੂੰ ਢੋਈ ਨਹੀਂ ਮਿਲਦੀ-

ਜਿਸ ਕਰਕੇ ਫੇਰ ਮੁੜਕੇ ਉਹ ਨਾਨਾ ਭਾਂਤ ਦੇ ਉਹੀ ਘਰ ਵਾਲੇ ਪਸਾਰੇ ਹੀ ਪਸਾਰ ਲੈਂਦੇ ਹਨ । ਇਸੇ ਪਰਥਾਇ ਸਿਰ ਹੀ ਭਰਥਰੀ ਰਾਜੇ ਨੇ ਆਪਨੇ ਕਾਰਣ ਵੈਰਾਗ ਨਾਲ ਰਾਜ ਤਿਆਗਨ ਦੇ ਅਨੰਤਰ ਫੇਰ ਭੀ ਪਿਛਲੇ ਸੰਸਕਾਰ ਮੋਹ ਦੇ ਅਪਨੇ ਅੰਦਰ ਦੇਖਕੇ ਇਸ ਬਚਨ ਨੂੰ ਉਚਾਰਣ ਕੀਤਾ ਹੈ 'ਮੋਹ ਮਹਾਤਮ ਗਹਨ ਕੋ ਗਹਿਨ ਮਹਾਤਮ ਆਹਿ। ਮੋਹੇ ਪੁਰਖ ਮਹਾਤਮਾ ਜਿੰਹ ਬਿਬੇਕ ਰਵਿ ਨਾਹਿ' ਸੰਖੇਪ ਭਾਵ ਇਸਦਾ ਇਹ ਹੈ ਕਿ ਬੜੀ ਭਿਅੰਕਰ ਮਹਿਮਾ ਵਾਲੇ ਮੋਹ ਨੂੰ ਓਹੋ ਹੀ ਪੁਰਖ ਜਿੱਤ ਸਕਦੇ ਹਨ ਜਿਨਾਂ ਦਾ ਆਤਮਾਂ ਸਾਖਸ਼ਾਤ ਬ੍ਰਹਮ ਸਰੂਪ ਵਿਖੇ ਅਭੇਦ ਹੋ ਚੁਕਾ ਹੈ ਅਰਥਾਤ ਬ੍ਰਹਮ ਗਯਾਨੀ ਬਿਬੇਕੀ ਪੁਰਖ ਹੀ ਇਸਨੂੰ ਵਸ ਕਰ ਸਕਦੇ ਹਨ–ਉਨਾਂ ਤੋਂ ਛੁਟ ਹੋਰ ਜੋ ਕੋਈ ਭੀ ਬਿਬੇਕ ਰੂਪੀ ਸੂਰਜ ਦੇ ਪ੍ਰਕਾਸ਼ ਤੋਂ ਰਹਿਤ ਅਵਿਵੇਕੀ ਹਨ ਭਾਂਵੇ ਉਹ ਤਿਆਗੀ ਮਹਾਤਮਾ ਭੀ ਕਯੋਂ ਨਾ ਹੋਨ ਇਹ ਮੋਹ ਉਨਾਂਨੂੰ ਜ਼ਰੂਰ ਹੀ ਮੋਹ ਲੈਂਦਾ ਹੈ ॥

ਇਸ ਤੋਂ ਇਹ ਭਾਵ ਨਹੀ ਸਮਝ ਲੈਨਾਂ ਚਾਹੀਏ ਕਿ ਜੇ ਕਿਸੇ ਦਾ ਮੋਹ ਬਿਨਾਂ (ਬ੍ਰਹਮ ਗਿਆਨੀ ਬਿਬੇਕੀ) ਦੂਰ ਨਹੀਂ ਹੋ ਸਕਦਾ ਤਾਂ ਫੇਰ ਇਸਦੇ ਦੂਰ ਕਰਨ ਲਈ ਖਪਨਾ ਹੀ ਬਿਰਥਾ ਹੈ ? ਨਹੀਂ ਐਸਾ ਸਮਝਨਾ ਭਲਾ ਨਹੀਂ ਹੈ ਕਯੋਂਕਿ "ਪੁਤ ਕਲਤ ਮੋਹ ਬਿਖ ਹੈ" ਅਰੁ "ਬਿਖ ਖਾਧੇ ਤਤਕਾਲ ਮਰੀਐ"–ਜਿਤਨਾ ਕੁਟੰਬ ਪਰਿਵਾਰ ਅਤੇ ਪਦਾਰਥਾਂ ਆਦ ਦਾ ਮੋਹ ਹੈ ਇਹ ਸਭ ਜ਼ਹਿਰ ਦੇ ਸਮਾਨ ਹੈ ਜੋ ਕੋਈ ਜ਼ਹਿਰ ਖਾਵੇਗਾ ਉਹ ਤਤਕਾਲ

ਹੀ ਮਰੇਗਾ– ਸੋ ਜੀਵ ਭੀ ਇਸ ਮੋਹ ਦੇ ਕਾਰਣ ਆਤਮ ਪਦ ਤੋਂ ਭ੍ਰਸ਼ਟ ਹੋਕੇ ਜਨਮ ਜਨਮਾਤ੍ਰਾਂ ਵਿਖੇ ਅਪਗਤ ਮੌਤ ਦੀ ਹੀ ਮਰਣੀ ਸਦਾ ਮਰਦਾ ਰਹਿੰਦਾ ਹੈ–ਇਸ ਲਈ ਅਵੱਸ ਕਰਕੇ ਹੀ ਇਸਦੇ ਨਿਵਾਰਨ ਵਿਖੇ ਸਦਾ ਤਤਪਰ ਰਹਿਨਾ ਚਾਹੀਏ ਕਯੋਂਕਿ ਇਸਦੇ ਤਿਆਗੇ ਬਿਨਾਂ ਪ੍ਰੇਮ ਦਾ ਅੰਤਲਾ ਫਲ ਬ੍ਰਹਮ ਗਯਾਨ ਨਹੀ ਹੋਸਕਦਾ ਅਰੁ ਬ੍ਰਹਮ ਗਯਾਨ ਬਿਨਾਂ ਇਹ ਮੋਹ ਪੂਰਾ ੨ ਨਹੀ ਜਾ ਸਕਦਾ ਸੋ ਜਦ ਤਕ ਜਯੋਂ ੨ ਇਹ ਅੰਦਰੋਂ ਦੂਰ ਹੁੰਦਾ ਜਾਵੇਗਾ ਅਤੇ ਪ੍ਰੇਮ ਇਸਦੀ ਥਾਂ ਮੱਲਦਾ ਜਾਵੇਗਾ ਤਯੋਂ ੨ ਹੀ ਬ੍ਰਹਮ ਗਯਾਨ ਭੀ ਅੰਦਰ ਉਪਜਦਾ ਰਹਿੰਦਾ ਹੈ। ਬਸ ਜਦ ਪੂਰੇ ਦਰਜੇ ਦਾ ਪ੍ਰੇਮ ਅੰਦਰ ਆਇਆ ਤਦ ਬ੍ਰਹਮ ਗਿਆਨ ਦੀ ਅਗਨੀ ਇਸ ਮੋਹਦੀਆਂ ਜੜ੍ਹਾਂ ਹੀ ਅੰਦਰੋਂ ਸਾੜ ਸੁਟ ਦੀ ਹੈ॥

"ਦੇਖਿ ਕੁਟੰਬ ਮਾਇਆ ਗ੍ਰਿਹੁ ਮੰਦਰ ਸਾਕਤ ਜੰਜਾਲਿ ਪਰਾਲਿ ਪਇਆ" ਕਯੋਂਕਿ ਜਿਤਨਾ ਮਾਤ੍ਰ ਮੋਹ ਹੈ ਸੋ ਸਭ ਹੀ ਬੰਧਨ ਰੂਪ ਹੈ । ਜੈਸਾ ਕਿ-:"ਬੰਧਨ ਮਾਤ ਪਿਤਾ ਸੰਸਾਰ । ਬੰਧਨ ਸੁਤ ਕੰਨਿਆ ਅਰੁ ਨਾਰਿ ਬੰਧਨ ਕਰਮ ਧਰਮ ਹਉ ਕੀਆ । ਬੰਧਨ ਪੁਤ ਕਲਤੁ ਮਨਿ ਬੀਆ॥" ਐਸੇ ੨ ਸਭ ਬੰਧਨ ਰੂਪ ਕਹਿਕੇ ਅੰਤ ਵਿਚ "ਬਿਨੁ ਹਰਿ ਭਗਤਿ ਨ ਪਵਈ ਥਾਂਇ" ਭਗਤੀ ਦੇ ਬਿਨਾਂ ਕਿਤੇ ਲੋਕ ਪਰਲੋਕ ਵਿਚ ਠੌਰ ਨਹੀ ਮਿਲਦੀ ਕਯੋਂਜੁ "ਸੰਸਾਰੇ ਵਿਚਿ ਸੁਖ ਨ ਪਾਵਨੀ ਅਗੈ ਸੋ ਜਾਣੈ ਜੋ ਕਰੇ ਕਰਤਾਰ"॥ਜਿਤਨੇ ਭੀ ਲੋਕ ਵਡ ਪਰਵਾਰੇ ਅਥਵਾ ਧਨ ਪਦਾਰਥ ਆਦ ਦੀ ਪਰਵਿਰਤੀ ਦੇ ਪਸਾਰੇ ਵਾਲੇ

ਹਨ ਘੜੀ ਭਰ ਭੀ ਉਨਾਂ ਨੂੰ ਦਿਨ ਰਾਤ ਵਿਖੇ ਚੈਨ ਨਹੀ ਮਿਲਦਾ ਅਰੁ ਜੈਸਾ ੨ ਖਿਆਲ ਦਿਨ ਦਾ ਹੁੰਦਾ ਹੈ ਵੈਸੇ ੨ ਹੀ ਸੁਪਨੇ ਰਾਤਨੂੰ) ਜਿਸਤਰਾਂ ਆਇਆ ਕਰਦੇ ਹਨ। ਐਸੇ ਹੀ ਜੈਸੀ ੨ ਭਟਕਨ ਦੀ ਹਾਲਤ ਜਿੰਦਗੀ ਭਰ ਵਿਚ ਦੀ ਹੋਵੇ। ਯਾ ਜੇਹੀ ੨ ਲਗਨ ਜਿਸ ਕਿਸੇ ਦੀ ਹੋਵੇਗੀ ਅੰਤ ਵੇਲੇ ਅਵੱਸ ਹੀ ਉਹ ਸੰਸਕਾਰ ਹੀ ਉਪਜਨਗੇ ਤੇ 'ਅੰਤ ਮਤਾ ਸੋਈ ਗਤਾ'-ਬਸ ਪਰਲੋਕ ਵਿਚ ਭੀ ਭੈੜੀਆਂ ਭਟਕਨ ਵਾਲੀਆਂ ਜੂਨਾਂ ਵਿਚ ਹੀ ਬਾਸਾ ਮਿਲੇਗਾ। ਇਸ ਵਾਸਤੇ ਹੀ ਐਸੀਆਂ ੨ ਵਿੰਚਾਰਾਂ ਕਰਕੇ ਕਿਰਪਾਲੂ ਗੁਰੂ ਜੀ ਅਰੁ ਹੋਰ ਆਚਾਰਜ ਲੋਗ ਬਾਰੰਬਾਰ ਹੀ "ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰ।" "ਧਿਰਗ ਸਾ ਪ੍ਰੀਤਿ ਜਿਤ ਹਰਿ ਬਿਸਰਾਵੈ" ਆਦ-ਅਨੇਕ ਪ੍ਰਕਾਰ ਦੇ ਉਪਦੇਸਾਂ ਦ੍ਵਾਰੇ ਜਗਯਾਸੂ ਜਨਾਂ ਨੂੰ ਸਚੇਤ ਕਰਦੇ ਹਨ। ਕਯੋਂਕਿ ਪਰਮਾਰਥ ਦੇ ਰਾਹ ਵਿਚ ਇਹੋ ਹੀ ਇਕ ਬੜਾ ਭਾਰਾ ਰਾਹਮਾਰ ਹੈ। ਜਦ ਤਕ ਇਸਦਾ ਬਾਸਾ ਚਿਤ ਵਿਚ ਹੋਵੇ ਤਦ ਤਕ ਕਦੀ ਭੀ ਪ੍ਰੇਮ ਦਾ ਨਿਵਾਸ ਹਿਰਦੇ ਵਿਚ ਨਹੀ ਹੋ ਸਕਦਾ। ਪ੍ਰੇਮ ਦਾ ਨਾਮ ਲੈਨ ਵਾਲੇ ਲਈ ਜੋ ਪਹਿਲੇ ਸਿਰ ਵੱਢਕੇ ਹਥ ਉਪਰ ਧਰ ਲੈਣਾ ਆਖਿਆ ਜਾਂਦਾ ਹੈ ਉਸਦਾ ਭਾਵ ਕੇਵਲ ਏਹੋ ਹੀ ਹੈ ਕਿ-ਸਭ ਸਨਬੰਧੀ ਪਦਾਰਥਾਂ ਆਦ ਦੇ ਸਨਮੁਖ ਹੁੰਦਿਆਂ ਭੀ ਉਨਾਂ ਨੂੰ ਜਦ ਐਸਾ ਠੀਕ ੨ ਸਮਝ ਲਵੇ ਕਿ ਇਨਾਂ ਨਾਲ ਮੇਰਾ ਕੋਈ ਸੰਬੰਧ ਨਹੀ ਹੈ ਤਾਂ ਪ੍ਰੇਮ ਦੇ ਰਾਹ ਵਿਚ ਪੈਰ ਧਰਨ ਦਾ ਅਧਿਕਾਰੀ ਹੈ।

(ਹੋਰ ਕੋਈ ਸਰੀਰ ਨਾਲੋਂ ਸਿਰ ਵੱਖਰਾ ਕਰਕੇ ਹੱਥ ਤੇ ਧਰ ਲੈਣਾ ਨਹੀ ਕਿਹਾ ਹੈ। ਕਯੋਂਕਿ ਜੇਕਰ ਸਿਰ ਹੀ ਧੜ ਨਾਲੋਂ ਅੱਡ ਹੋਗਿਆ ਤਾਂ ਉਪਦੇਸ ਹੀ ਕੋਈ ਕਿਸਨੂੰ ਕਰੇਗਾ—ਤੇ ਸੁਨੇਗਾ ਹੀ ਕੌਨ-ਅਰੁ ਜੇ ਪ੍ਰੇਮ ਦੇ ਮਾਰਗ ਵਿਚ ਚੱਲਨ ਵਾਲੇ ਦਾ ਸਿਰ ਹੀ ਨਾਂ ਰਿਹਾ ਤਾਂ ਫੇਰ ਪਿਆਰੇ ਨੂੰ ਮਿਲਨਾ ਹੀ ਕਿਸ ਭਾਂਤ ਹੋ ਸਕਦਾ ਹੈ ਤ੍ਹਾਂਤੇ ਸ਼ਾਰੀਰਿਕ ਸਿਰ ਸਮਝਕੇ ਜੋ ਘਾਬਰ ਜਾਂਦੇ ਹਨ ਉਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿਰਦਾ ਭਾਵ ਕੇਵਲ ਮੋਹ ਤੋਂ ਹੈ। ਕਯੋਂਕਿ ਸਰੀਰ ਵਿਖੇ ਕਾਮ ਕ੍ਰੋਧ ਆਦਕਾਂ ਦਾ ਸਿਰ ਮੋਹ ਹੈ-ਜੈਸਾ ਕਿ ਪਿੱਛੇ ਦਸਿਆ ਜਾ ਹੀ ਚੁਕਾ ਹੈ॥ ਪਰਸੰਗ ਮੂਜਬ ਇਹ ਬਾਤ ਭੀ ਸਮਝਨੀ ਜਰੂਰੀ ਹੈ ਕਿ ਕੇਵਲ ਗੁਰੂ ਜਨਾਂ ਦਾ ਸਨਬੰਧੀਆਂ ਯਾ ਪਦਾਰਥਾਂ ਨਾਲ ਹੀ ਦ੍ਵੈਖ ਨਹੀਂ ਹੈ ਕਿੰਤੂ ਉਨਾਂ ਦਾ ਇਹ ਅਭਿਪ੍ਰਾਯ ਭੀ ਹੁੰਦਾ ਹੈ ਕਿ ਇਸ ਦੇਹ ਦੀ ਪ੍ਰੀਤੀ ਭੀ ਬੰਧਨ ਹੀ ਹੈ-ਸੋ ਇਸਦੇ ਅਧ੍ਯਾਸ ਦਾ ਬੰਧਨ ਤੁੜਾਵਨ ਲਈ ਭੀ ਮਹਾਤਮਾ ਜਨਾਂ ਦਾ ਇਹ ਇਕ ਢੰਗ ਹੁੰਦਾ ਹੈ ਉਹ ਬੜੇ ਸਿਆਣੇ ਆਦ ਅੰਤ ਦੀ ਬਿਧ ਜਾਨਨ ਵਾਲੇ ਹੁੰਦੇ ਹਨ ਜੇ ਸਚ ਮੁਚ ਭੀ ਸਿਰ ਮੰਗ ਲੈਣ ਤਾਂ ਸਰੇ ਪ੍ਰੇਮੀ-ਆਂ ਨੂੰ ਭੇਟ ਕਰਨਾ ਅੱਵਸ਼ ਹੀ ਜੋਗ ਹੈ-ਕਯੋਂਕਿ ਜਦ ਇਕ ਮਮੂਲੀ ਫੋੜਾ ਯਾ ਅੱਖ ਵਿਚ ਫੋਲਾ ਅਥਵਾ ਕਿਤੇ ਮੌਹਰੀ ਆਦ ਕੋਈ ਰੋਗ ਸਰੀਰ ਵਿਖੇ ਹੋ ਜਾਂਦਾ ਹੈ ਤਾਂ ਆਪਨਾ ਸਾਰਾ ਸਰੀਰ ਹੀ ਲੋਗ ਡਾਕਟਰ ਨੂੰ ਸੌਂਪ ਦਿੰਦੇ ਹਨ ਕਿ ਸਭ ਤਰਾਂ ਹਾਜਰ ਹੈ-ਚਾਹੋ ਇਸ ਨੂੰ ਅੰਗ ੨ ਤੋਂ ਕੱਟ ਸੁਟੋ ਚਾਹੇ ਕੁਛ ਕਰੋ। ਪਰ ਇਹ ਰੋਗ ਦੂਰ ਹੋਜਾਵੇ।

ਦੇਖੋ ਨਾਲੇ ਤਾਂ ਸਰੀਰ ਕਟਵੌਂਦੇ ਹਨ ਅਤੇ ਸੈਂਕੜੇ ਹਜਾਰਾਂ ਰੁਪਏ ਅਰੁ ਡਾਲੀਆਂ ਭੀ ਡਾਕਟਰ ਹਕੀਮਾਂ ਨੂੰ ਪੁਚੌਂਦੇ ਹਨ ਪਰ ਬੜੀ ਅਚਰਜ ਦੀ ਗੱਲ ਹੈ ਕਿ ਜਨਮ ਮਰਣ ਦੇ ਕਲੇਸ਼ ਦਾ ਭਾਰਾ ਰੋਗ-ਜਿਸ ਨੂੰ ਦੂਰ ਕਰਨ ਵਾਸਤੇ ਬਿਨਾਂ ਸੰਤਾਂ ਸਤਿਗੁਰਾਂ ਦੇ ਕੋਈ ਭੀ ਸੰਸਾਰੀ ਡਾਕਟਰ ਹਕੀਮ ਲੋਗ ਕਿਸੇ ਭਾਂਤ ਸਮਰਥ ਨਹੀ ਹੋ ਸਕਦੇ (ਉਸਦੇ) ਨਿਵਾਰਨ ਕਰਨ ਲਈਅਤੇ ਪਰਮਾਨੰਦ ਸਰੂਪ ਮੁਕਤੀ ਰੂਪ ਤਨ ਦੂਸਰੀ ਦੀ ਪ੍ਰਾਪਤੀ ਵਾਸਤੇ ਸਿਰ (ਮੋਹ) ਦੀ ਭੇਟਾ ਹਥ ਉਪਰੋਂ ਲਿਔਣਦਾਹੀਔ ਨਹੀ ਬਝ ਸਕਦਾ। ਅਧਿਕਾਰੀ ਜਨਾਂ ਨੂੰ ਕਦਾਚਿਤ ਭੀ ਬੇ ਧੀਰਜ ਨਹੀ ਹੋਨਾ ਚਾਹੀਦਾ ਬਲਕਿ ਐਸਾ ਸਚਾ ਉਤਸ਼ਾਹ ਹੋਨਾ ਚਾਹੀਏ ਕਿ "ਸਤਿਗੁਰ ਆਗੈਸੀਸ ਭੇਟ ਦੇਉਂ ਜੇ ਸਤਿਗੁਰ ਸਾਚੇ ਭਾਵੇ" ਜਿਸਦੀ ਭੇਟਾ ਦੀ ਰੀਤੀ ਇਹ ਹੈ:-

ਯਿਹ ਸਿਰ ਹਮ ਭੇਟ ਲੇ ਆਏ, ਹੈ ਸਨਮੁਖ ਜੋਕਰੋ ਚਾਹੋ।
ਰਖੋ ਭੀ ਆਪਕਾ ਹੀ ਹੈ, ਖੜਗ ਸੇ ਕਾਟ ਚਾਹ ਲਾਹੋ।
ਕਰੇਂਗੇ ਸੀਸ ਬਿਨ ਸੇਵਾ, ਮੇਵਾ ਦਿਲਦਾਰ ਪਾਵੇਂਗੇ।
ਨਾਂ ਜਾਵੇਂ ਛੋੜਿ ਅਬ ਦਰ ਕੋ, ਲਗੀਲਗਨਾ ਕੋ ਨਿਰਬਾਹੋ॥

ਜਦ ਐਸਾ ਉਤਸ਼ਾਹ ਅਧਿਕਾਰੀ ਦੇ ਅੰਦਰ ਸਚੇ ਮਨ ਨਾਲ ਉਛਲ ਆਵੇ ਤਾਂ ਉਸੇ ਵੇਲੇ ਹੀ ਉਸ ਦੇ ਅੰਦਰ ਪ੍ਰੇਮ ਦਾ ਬੀਜ ਬੀਜਿਆ ਜਾਇਆ ਕਰਦਾ ਹੈ ਅਤੇ ਤਤਕਾਲ ਹੀ ਅਕਾਲ ਪੁਰਖ ਦੀ ਦਰਗਾਹ ਦੇ ਪਿਆਰਿਆਂ ਵਿਚ ਉਸਦਾ ਨਾਮ ਭੀ ਪਰਵਾਨ ਹੋ ਜਾਂਦਾ ਹੈ। ਜੈਸਾ ਕਿ ਲੱਖਾਂ ਸਿੱਖਾਂ ਵਿਚੋਂ ਸਤਿਗੁਰਾਂ ਦੇ ਸਿਰ ਮੰਗਨ ਪਰ ਸਚੇ ਉਤਸ਼ਾਹ ਨਾਲ ਸਿਰ ਭੇਟਾ ਕਰਨ ਵਾਲੇ ਕੇਵਲ ਪੰਜ ਜਨੇ

ਹੀ ਨਿੱਤਰੇ ਸਨ, ਉਨਾਂ ਦੇ ਸਿਰ ਤਾਂ ਕਿਸੇ ਨਹੀ ਸਨ ਉਤਾਰੇ-ਕੇਵਲ ਸਿੱਖੀ ਦੀ ਸੱਚੀ ਸਿਕ ਦੀ ਪਰਖ ਹੀ ਗੁਰੂ ਸਾਹਿਬ ਨੇ ਕੀਤੀ ਸੀ ਕਿ ਕੀਹ ਇਹ ਠੀਕ ਸਰੀਰ ਸਮੇਤ ਸਭ ਸੰਸਾਰ ਤੋਂ ਨਿਰਮੋਹ ਹੋਕੇ ਉਸ ਪਰਮ ਜੋਤੀ ਸਰੂਪ ਪਰਮਾਤਮਾ ਦੇ ਲਾਡਲੇ ਬਨਣਾ ਚਾਹੁੰਦੇ ਹਨ ਕਿ ਨਹੀਂ:-

ਸੋ ਇਸ ਭਾਂਤ ਜਦ ਸਿਰੋਂ ਪਰੇ ਹੋਕੇ ਖੇਡਨ ਲਈ ਭੀ ਅਧਿਕਾਰੀ ਤਿਆਰ ਹੋਜਾਵੇ ਤਾਂ ਉਸ ਲਈ ਪ੍ਰੇਮ ਦੇ ਮਾਰਗ ਦਾ ਫਾਟਕ ਖੁਲ ਜਾਂਦਾ ਹੈ। ਜਦ ਕਿ ਜਿਸ ਤਰਾਂ ਸਿਰ ਤੋਂ ਹੀਣਾ ਧੜ; ਦੀਨਦਸਾ ਵਾਲਾ ਹੋਜਾਂਦਾ ਹੈ; ਐਸੇ ਹੀ ਜਗਯਾਸੂ ਦੇ ਅੰਦਰ ਭੀ ਦੀਨਤਾ ਤੇ ਗਰੀਬੀ ਆਨ ਵੱਸਦੀ ਹੈ ਅਰ ਜਦ ਦੀਨਤਾ ਦਾ ਬਸਾ ਅੰਦਰ ਹੋਗਿਆ, ਬਸ ਤਤਕਾਲ ਹੀ ਪ੍ਰੇਮ ਦਾ ਬੂਟਾ ਭੀ ਨਾਲ ਹੀ ਰਿਦੇ ਵਿਚ ਉਗ ਪੈਂਦਾ ਹੈ। ਜਿਸ ਪਰ ਗੁਰੂ ਸਾਹਿਬ ਕਹਿੰਦੇ ਹਨ ਕਿ "ਪ੍ਰੇਮ ਪਿਰਮਲੰ ਤਨ ਵਾਰਿਆ" ਜਦ ਅਧਿਕਾਰੀ ਨੇ ਉਸ ਸਚੇ ਪ੍ਰੀਤਮ ਤੋਂ ਤਨ ਵਾਰ ਦਿੱਤਾ ਤਾਂ ਬਸ ਓਹ ਪ੍ਰੇਮ ਦਾ ਸਰੂਪ ਹੀ ਹੋ ਜਾਂਦਾ ਹੈ। ਅਤੇ ਇਸ ਭਾਂਤ ਪ੍ਰੇਮੀ ਦਸਾ ਨੂੰ ਪ੍ਰਾਪਤ ਹੋਕੇ ਜਦ ਪ੍ਰੀਤਮ ਦੇ ਮਿਲਾਪ ਲਈ ਉਸਦੇ ਚਰਣਾਂ ਵਿਖੇ ਪ੍ਰਾਰਥਨਾ ਕਰਦਾ ਹੈ-ਜੇਸਾ ਕਿ ਪ੍ਰੇਮ ਦਾ ਸੁਭਾਵ ਹੈ ਕਿ ਪ੍ਰੇਮੀ ਨੂੰ ਬਿਰਹੋ ਦੀ ਚੋਟ ਲਗਾ ਲਗਾਕੇ ਪਿਆਰੇ ਸਚੇ ਪਿਤਾ ਦੀ ਗੋਦੀ ਵਿਚ ਛੇਤੀ ਬੈਠਨ ਲਈ ਪ੍ਰਾਰਥਨਾ ਦੇ ਸਨਮੁਖ ਕਰਨਾ-ਸੋ ਜਯੋਂ ੨ ਪ੍ਰੇਮੀ ਪ੍ਰਾਰਥਨਾ ਕਰਦਾ ਹੈ ਤਯੋਂ ੨ ਹੀ ਮਨ ਵਿਚ ਪਿਆਰ ਦੀਆਂ ਲਹਿਰਾਂ ਉਠ ੨ ਕੇ ਨਾਲ ੨ ਹੀ ਅੰਦਰ ਸ਼ਾਂਤੀ ਤੇ ਇਕਾਗਰਤਾ ਦੀ ਤਾਰ ਪ੍ਰੇਮੀ ਨੂੰ ਹੁਲਾਰੇ ਦਿੰਦੀ ਰਿਹਾ ਕਰਦੀ ਹੈ, ਜਿਸਦੇ ਅਲੌਕਿਕ ਰਸ ਦਾ

ਮੋਹਿਆ ਹੋਇਆ ਐਸੇ ਉਚਾਰਨ ਕਰਦਾ ਹੈ ਕਿ "ਜੋਬਨ ਜਾਂਦੇ ਨਾਂ ਡਰਾਂ ਜੇ ਸਹਿ ਪ੍ਰੀਤਿ ਨ ਜਾਇ । ਕਿਤੀ ਜੋਬਨ ਪ੍ਰੀਤਿ ਬਿਨ ਸੁਕ ਗਏ ਕੁਮਲਾਇ।" ਕਿ ਹੇ ਕਰਤਾਰ

ਤਨ ਮਨ ਜਾਇ ਤੁ ਜਾਇ-ਪ੍ਰੇਮ ਪਰ ਜਾਇ ਨਾਂ ।
ਅਪਨਾ ਬਿਰਦ ਸੰਭਾਲ ਨਾਂ ਕਰ-ਪਤਿਆਇਨਾਂ* ।
ਹਉ ਤੁਮਰੀ ਤੂੰ ਮੋਰ ਦੂਸਰੀ ਜਾਇ† ਨਾਂ ।
ਅਪਨੀ ਕਰ ਨਿਤ ਜਾਨ ਦੀਦਾਰ ਦਿਖਾਇਨਾਂ‡ ॥

ਇਕ ਦਰਸਨ ਦੀ ਸਿਕ ਵਿਚ ਤਨ ਬਦਨ ਦੀ ਸੁਧ ਬੁਧ ਭੀ ਭੁਲ ਜਾਂਦੀ ਹੈ। ਅਰ ਜਦ ਬਿਰਹੇ ਦੀ ਚੋਟ ਲਗੇ ਤਾਂ ਏਹੋ ਹੀ ਪ੍ਰਾਰਥਨਾ ਕਰਦਾ ਹੈ ਕਿ "ਕਹਾ ਭਇਓ ਜਉ ਤਨ ਭਇਓ ਛਿਨ ੨ । ਪ੍ਰੇਮ ਜਾਇ ਤਉ ਡਰਪੈ ਤੇਰੋ ਜਨ" ਅਰਥਾਤ ਕੁਛ ਪਰਵਾਹ ਨਹੀ ਭਾਂਵੇ ਸਰੀਰ ਮਗਨ ਤਾਈ ਦੇ ਰਸ ਵਿਚ ਖੀਨ ਤੋਂ ਭੀ ਖੀਨ ਕਯੋਂ ਨਾ ਹੋ ਜਾਵੇ ਪਰ ਪ੍ਰੇਮ ਦੀ ਤਾਰ ਨਾਂ ਸੁਟਨੀ ਪਾਵੇ ਕਯੋਂ ਜੁ "ਉਪਜਿਉ ਚਾਉ ਮਿਲਨ ਪ੍ਰਭ ਤਾਂਈ, ਰਹਿਨੁ ਨ ਜਾਇ ਖਿਨੀ"

ਫੇਰ ਛਿਣ ਭਰ ਭੀ ਚੈਨ ਨਹੀਂ ਪੈ ਸਕਦਾ। ਸੋ ਇਸ ਤਰਾਂ ਦੀ ਪ੍ਰੇਮ ਦੀ ਦ੍ਰਿੜ ਤਾਰ ਦੇ ਕਾਰਣ ਜਿਸ ਪ੍ਰਕਾਰ "ਮਗਨ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤੁ ਅੰਗ । ਪ੍ਰਗਟ ਭਇਓ ਤ੍ਰਈ ਲੋਅ ਮਹਿ ਨਾਨਕ ਅਧਮ ਪਤੰਗੁ"। ਭਾਵ ਇਹ ਕਿ ਜਿਸ ਤਰਾਂ- ਤੁਡ ਫੰਥਟ ਦੀਵੇ ਦੀ ਲਾਟ ਦੇ ਰੂਪ ਉਪਰ ਮੋਹਿਤ ਹੋਕੇ

---

*ਪਰਖ †ਥਾਂ ‡ਦਰਸਨ ਦਿਖਾਵਨ

ਆਪਨੇ ਆਪਨੂੰ ਮੂਲੋਂ ਹੀ ਕੁਰਬਾਨ ਕਰ ਦਿੰਦਾ ਹੈ-ਅਰਥਾਤ ਆਪਨੇ ਪਿਆਰੇ ਨੂੰ ਮਿਲਨ ਵਾਸਤੇ ਉਸ ਵਿਚ ਆਪਨੇ ਆਪਨੂੰ ਹਮਨ ਕਰਕੇ ਉਸ ਨਾਲ ਅਭੇਦ ਹੋ ਜਾਂਦਾ ਹੈ-ਇਸੇ ਤਰਾਂ ਹੀ ਅੰਦਰੋਂ ਬਾਹਰੋਂ ਸਰੀਰ ਸਮੇਤ ਸਭ ਸੈਂਸਾਰੀ ਪਦਾਰਥਾਂ ਦੀ ਚਿੰਤਾ ਚੁਕਾਕੇ ਪ੍ਰੇਮੀ ਭੀ ਉਸ ਪਰਮ ਪੁਰਖ ਸਚੇ ਮਾਲਿਕ ਦੇ ਸਿਮਰਣ ਵਿਖੇ ਐਸਾ ਲਿਵ ਲੀਨ ਹੋਜਾਂਦਾ ਹੈ -ਕਿ ਜਾਗ੍ਰਤ ਸੁਪਨ ਤੇ ਸਖੋਪਤ ਅਵਸਥਾ ਵਿਖੇ ਵਰਤਨੰ ਵਾਲੇ ਸਥੂਲ-ਸੂਖਮ ਅਤੇ ਕਾਰਣ ਸਰੀਰ ਰੂਪ ਤਿੰਨਾਂ ਲੋਕਾਂ ਵਿਖੇ ਅਪਨੇ ਆਪਨੂੰ ਸਾਖੀ ਸਰੂਪ ਅਨੁਭਈਆ ਨਿਸਚੇ ਕਰਕੇ ਤੁਰੀਆ ਪਦ ਰੂਪ ਪਾਰ ਬ੍ਰਹਮ ਵਿਖੇ ਸਮਾ ਜਾਂਦਾ ਹੈ।

ਏਸ ਸਮਾਵਨ ਦੀ ਅਰਥਾਤ ਸਚੇ ਪ੍ਰੀਤਮ ਵਿਖੇ ਮਿਲ ਜਾਨ ਦੀ ਨਿਸ਼ਾਨੀ ਇਹ ਹੈ "ਸੁਨ ਸਖੀਏ ਪ੍ਰਭੁ ਮਿਲਨਿ ਨੀਸਾਨੀ। ਮਨ ਤਨ ਅਰਪਿ ਤਜਿ ਲਾਜ ਲੋਕਾਨੀ" ਹੇ ਜਗ੍ਯਾਸੂ ਰੂਪ ਸਖੀਏ ਸੁਨ:-

ਪਰਮਾਤਮਾਂ ਵਿਖੇ ਆਪਨੇ ਆਪਨੂੰ ਤਦ ਮਿਲਿਆ ਹੋਇਆ ਨਿਸਚੇ ਕਰਨਾ ਚਾਹੀਏ ਜਦ ਕਿ ਪਿਆਰੇ ਦੀ ਮਗਨਤਾਈ ਵਿਖੇ-ਤਨ ਮਨ ਅਤੇ ਲੋਕਾਂਚਾਰੀ ਦਾ ਅਧ੍ਯਾਸ ਪ੍ਰੇਮੀ ਦਾ (ਅਨ ਹੋਇਆ ਬੰਧੂਆ) ਮੂਲੋਂ ਹੀ ਉਠ ਜਾਵੇ। ਭਾਵ ਇਹ ਕਿ ਭਜਨ ਦੀ ਪੂਰੀ ੨ ਮਸਤੀ ਵਿਚ ਆਕੇ ਜਦ ਤਨ ਮਨ ਅਤੇ ਹੋਰ ਭੀ ਦੂਸਰੇ ਪਦਾਰਥਾਂ ਆਦ ਦੀ ਸੁਧ ਬੁਧ (ਅੰਦਰੋਂ ਬਾਹਰੋਂ ਮੂਲੋਂ ਹੀ ਉਠ ਜਾਵੇ ਪਰ ਕੇਵਲ ਆਨੰਦ ਦੀ ਮਸਤੀ ਮਾਤ੍ਰ ਦਾ ਪ੍ਰਫੁਲਤ ਭਾਵ ਮਾਤ੍ਰ ਹੀ ਰਹਿਜਾਵੇ ਉਸਦਾ ਨਾਮ ਪ੍ਰਭੂ ਵਿਖੇ ਮਿਲ

ਜਾਨਾ ਹੈ। ਮੋਟੀ ਤਰਾਂ ਨਾਲ ਇਸਦਾ ਮਤਲਬ ਇਹ ਹੈ ਕਿ ਜਦ ਸਰੀਰ ਤੇ ਮਨ ਵਿਚੋਂ ਹਉਮੈਂ ਬੁਧੀ ਦਾ ਫੁਰਨਾ ਉਠ ਜਾਵੇ ਅਰੁ ਲੋਕਾਚਾਰੀ ਆਦ ਦੇ ਕਾਰ ਵਿਹਾਰ ਤੇ ਪਦਾਰਥਾਂ ਵਿਚੋਂ ਮਮਤਾ ਬੁਧੀ ਦਾ ਫੁਰਨਾ ਉਠ ਜਾਵੇ ਤਾਂ ਜਾਨ ਲਵੇ ਕਿ ਪ੍ਰਭੂ ਦਾ ਮਿਲਾਪ ਹੋਗਿਆ ਹੈ। ਅਤੇ ਉਸ ਮਿਲਾਪ ਦੀ ਹਾਲਤ ਇਹ ਹੈ।

"ਜਿਉਂ ਜਲਮੈਂ ਜਲ ਪੈਸਿ ਨ ਨਿਕਸੈ
ਤਿਉਂ ਢੁਰਿ ਮਿਲਜੋ ਜੁਲਾਹੋ"

ਬਸ ਜੈਸੇ ਜਲ ਵਿਚ ਪੈਕੇ ਫੇਰ ਓਹੋ ਜਲ ਹੀ ਅੱਡ ਨਹੀ ਕੀਤਾ ਜਾ ਸਕਦਾ ਐਸੇ ਹੀ ਪਰਮ ਜੋਤ ਵਿਖੇ ਸਮਾਕੇ ਜੀਵ ਭੀ ਉਹੀ ਰੂਪ ਹੋਜਾਂਦਾ ਹੈ ਫੇਰ ਕਿਸੇ ਭਾਂਤ ਵਖਰਾ ਨਹੀ ਹੋ ਸਕਦਾ। ਏਹੀ ਸਚੀ ਮੁਕਤੀ ਅਤੇ ਨਿਜ ਘਰ ਵਿਖੇ ਬਾਸਾ ਪੌਣਾ ਕਿਹਾ ਜਾਂਦਾ ਹੈ। ਅਰੁ ਏਹੀ ਪਿਛੇ ਨਿਰੂਪਣ ਕੀਤੀ ਗਈ ਏਕਤਾ ਦੀ ਪੂਰਣ ਅਵਸਥਾ ਹੈ-ਜਿਸਦੀ ਪ੍ਰਾਪਤੀ ਦੇ ਵਾਸਤੇ "ਪ੍ਰੇਮ ਪਰਾਇਣ ਪਰੀਤਮ ਰਾਉ" ਇਸ ਪੰਗਤੀ ਦ੍ਵਾਰੇ ਨਿਰੂਪਣ ਕੀਤਾ ਗਿਆ ਸੀ ਕਿ ਸਚਾ ਮਾਲਿਕ ਪ੍ਰੀਤਮ ਪਰਮਾਤਮਾ ਪਰੇਮ ਦੇ ਅਧੀਨ ਹੈ ਸੋ ਇਸ ਭਾਂਤ ਪ੍ਰੇਮ ਕਰਨ ਕਰਕੇ ਸਬਦ ਅਭਯਾਸ ਦ੍ਵਾਰਾ ਸੁਖੇਨ ਹੀ (ਇਸ ਸਚੇ ਪ੍ਰੀਤਮ ਪਾਰ ਬ੍ਰਹਮ ਦੀ) ਪ੍ਰਾਪਤੀ ਹੋਸਕਦੀਹੈ।

॥ ੳ ॥

"ਸਤਿਗੁਰ ਤੋਂ ਬਲਿਹਾਰਨੇ ਜਾਵਾਂ ਲਖਵਾਰੀ।
ਜਿਨ ਕਰ ਸਿਰ ਧਰ ਪਲਕ ਮੋਂ ਖੋਲੀ ਘਟਿਬਾਰੀ॥

ਪਕੜ ਅੰਗੁਰੀਆ ਬਾਲ ਬੁਧਿ ਮੋਹਿ ਕਰਿਓ ਅਗਾਰੀ।
ਮਜਲ ਮਿਆਨੀ ਵਿਘਨ ਨ ਬਿਆਪਨਿ ਮੂਲ ਦੀ ਆਰੀ।
ਓੜਕ ਸਿਰ ਪਹੁੰਚਾਇ, ਦਿਖਾਈ ਝਾਕੀ ਪਾਰੀ।
ਤਨ ਮਨ ਕਰੀ ਨਿਹਾਲ, ਜਗਤ ਮਤਿ ਸਕਲ ਵਿਸਾਰੀ।
ਭੁਜ ਫੜਿ ਆਪਿ ਸਮਾਇ, ਬਾਹਜ ਮੁਖਿ ਬਿਰਤਿ ਨਿਵਾਰੀ।
ਤਿਸ ਬਿਨੁ ਰਹੀ ਨ ਕੁਝ, ਮੁਝ ਬਿਨ ਸੋ ਇਕ ਸਾਰੀ ॥੨॥
ਸਾਗਰ ਜਲ ਕੀ ਲਹਿਰ ਸਿੰਧੁ ਬਿਨੁ ਨਾਹਿ ਦੁਆਰੀ।
ਸੂਰਜ ਕਿਰਣ ਮਿਲੇ ਜਲਕਾ ਜਲ਼ ਸਗਲ ਹੁਆਰੀ।
ਜੋਤੀ ਜੋਤਿ ਰਲ਼ੀ ਸੰਪੂਰਣ ਸਾਰ ਥੀਆਰੀ।
ਹਰ ਇਕ ਮੇਂ ਭਰਪੂਰ ਹਰੀ ਕੋ ਨੂਰ ਅਪਾਰੀ ॥ ੩ ॥
ਮੇਹਰਬਾਨੀ ਰਹੇ ਘਨੀ ਸਾਂਤਿ ਸਦ ਆਨੰਦ ਵਾਰੀ।
ਸਮ ਪਖਾਨ ਮਧ ਨੀਰ ਜਲਧਿ ਕਦ ਨਹਿ ਮਗਨਾਰੀ।
ਨਮੋਂ ਠਾਨ ਗੁਰਦੇਵ ਮਨਾਊਂ ਤਿਨ ਰੈਣਾਰੀ।
ਕੋਟ ਬਾਰ ਬਲਿਹਾਰ, ਵਾਰਨ ਲਖ ੨ ਵਾਰੀ ॥ ੪ ॥
ਸੁੰਦਰ ਚਾਲ ਅਨੂਪ, ਜਾਸੁ ਛਬਿ ਮੋਹਨਿ ਹਾਰੀ।
ਬਾਣੀ ਮਧੁਰ ਮਹਾਂਨ, ਮਨਹੁ ਮੁਕਤਾ ਬਰਖਾਰੀ।
ਕਰਣੀ ਕ੍ਰਿਸਣ ਸਮਾਂਨ, ਸੇਸ ਨਹਿ ਪਾਵੇ ਪਾਰੀ।
ਮੇਹਰਬਾਨ ਹਰਿ ਆਨ, ਠਾਨ ਠਟਿ ਹੈਂ ਅਤਿ ਪਿਆਰੀ॥੫॥
ਇੰਦ੍ਰੀ ਜਿਤ ਬਲਵਾਨ ਸਦਾ ਸਿਵ ਸਮ ਕਾਮਾਰੀ।
ਤੇਜਵਾਨ ਜਿਮਭਾਨ ਇੰਦ੍ਰ ਸ਼ਾਰਖਿ ਅਧਿਕਾਰੀ।
ਦ੍ਰਿੜ ਸੁਮੇਰ ਗਿਰਿ ਤੁੱਲ ਹਿਮੰਚਲ ਜਨੋਂ ਸਿਤਲਾਰੀ।
ਮਹਿਮਾਂ ਕਹੀ ਨ ਜਾਇ ਬੰਦਨਾਂ ਲਖ ੨ ਵਾਰੀ ॥ ੬ ॥
ਪਿਖ ਅਰਜਨ ਮਨਿ ਗਰਜਨ ਪੂਰਵੇ ਛਿਨਮੋਂ ਸਾਰੀ।

ਤ੍ਰੁਰਨਿ ਅਵਸਰ ਫਟਕਨਿ ਦੇਇ ਨਹੀ ਨਿਕਟਾਰੀ।
ਮਹਿਮਾਂ ਅਪਰ ਅਪਾਰ, ਸ੍ਰੀ ਹਰਿ ਨਰ ਅਵਤਾਰੀ।
ਠਾਨ ਬੰਦਨਾਂ ਪਾਦ ਵਾਰਨੇ ਲਖ ਲਖ ਵਾਰੀ ॥ ੭॥

ਇਤਿ ਸ੍ਰੀ ਸੁਖਯੋਗ ਸਰੂਪ ਉਪਦੇਸ ਸਾਰ
ਪ੍ਰਥਮ ਭਾਗ ਸਮਾਪਤੇ

ੴ ਸਤਿਗੁਰਪ੍ਰਸਾਦਿ

ਅਥ ਸੁਖ ਯੋਗ ਦੂਸਰਾ ਭਾਗ

ਪ੍ਰਾਰੰਭ ॥

ਦੋਹਰਾ

ਗੁਰ ਨਾਨਕ ਨਾਨਕ ਪ੍ਰਭੂ, ਨਿਰੰਕਾਰ ਕਰਤਾਰ
ਸਿਰਜਿ ਪਾਲਿ ਸੰਘਾਰ ਹੈ ਸਰਬ ਰੂਪ ਸਭ ਸਾਰ ॥ ੧
ਸਹਜ ਯੋਗ[੧]ਪਦਸਹਜਪ੍ਰਦ, ਸਹਜ ਘਾਟ ਥਿਰਕਾਰ।
ਸੁਖ ਯੋਗ ਅਬਦੂਸਰੋ, ਬਰਨਹੁ ਗੁਰਨ ਜੁਹਾਰ[੨] ॥ ੨
ਪ੍ਰਮ ਸੁਆਰੇ ਕਾਜ ਕੋ ਪ੍ਰੇਮ ਨ ਬਿਨ ਪਰਤੀਤ।
ਦੇਖੇ ਬਾਝ ਪਰਤੀਤ ਨਾਂ, ਅਲਖ ਲਖੇ ਕਸ ਮੀਤ ॥ ੩
ਅਲਖ ਰੂਪ ਕਰਤਾਰ ਕੋ ਲਖਨੋ ਆਹਿ ਅਗੰਮ।
ਬਿਨਾਂ ਲਖੇ ਭਗਵੰਤ ਕੇ ਬਿਰਥਾ ਜਾਇ ਜਨੰਮ ? ੪
ਕੁਦਰਤ ਸੇ ਕਾਦਰ ਲਖੈ ਯਿਹ ਸਿਧਾਂਤ ਪਰਤੱਖ।

---

[੧] ਸੁਖ ਯੋਗ, ਸਹਜ ਯੋਗ, ਬਿਹੰਗਮ ਯੋਗ, ਅਤੇ ਸ਼ਬਦ ਯੋਗ-ਇਕੋ ਹੀ ਗੱਲ ਹੈ। ਇਹ ਯੋਗ ਸਹਜ ਪਦ ਦਾ ਦਾਤਾ ਤੇ ਸਹਜ ਘਾਟ ਜੋ ਸੁਖਮਨਾ ਦਾ ਘਾਟ ਹੈ ਉਥੇ ਟਿਕਾ ਵਨ ਵਾਲਾ ਹੈ ॥ ਇੜਾ ਪਿੰਗਲਾ ਤੇ ਸੁਖਮਨਾ ਦੀ ਸੰਧੀ ਤੋਂ ਲੈਕੇ ਸਚ ਖੰਡ ਪ੍ਰਯੰਤ ਹੀ ਸਹਜ ਘਾਟ ਦੇ ਨਾਮ ਵਿਚ ਸਭ ਆਕਾਸ਼ੀ ਮੰਡਲ ਆ ਜਾਂਦੇ ਹਨ । [੨] ਨਮਸਕਾਰ

ਇਉਂ ਅਗੰਮ ਮੇਂ ਗੰਮਤਾ ੩) ਇਉਂ ਅਲੱਖਕੋ ਲੱਖ॥੫
ਨਾਹਿ ਸਮਾਇ ਸੂਖਮ ਵਿਖੇ ਜਬ ਲਗ ਸਗਲ ਸਥੂਲ।
ਸਾਧਨਅਨਿਕ ਕਰਾਈਐ ਸੁਰਤਿ(੪) ਨ ਲਹਿਹੋ ਮੂਲ॥੬
ਸਭ ਕੁਦਰਤ ਯਾ ਤਨ ਵਿਖੇ ਕਾਦਰ ਭੀ ਇਸ ਮਾਂਹਿ।
ਖੋਜਤਿ ਯਾਂਹਿ ਅਗੰਮ(੫ ਸੁਧ ਸੂਖਮਿ ਥੂਲ ਸਮਾਹਿ ॥੭
ਪਾਣੀ ਕੇਰੀ ਬੂੰਦ ਤੇ ਕਰੀ ਮਨੁਖਾ ਦੇਹ।
ਨਕਸ਼ਾ ਸਭ ਬ੍ਰਹਮੰਡ ਕਾ, ਰਾਜਾ(੬)ਰਾਜ ਕਰੇਹ ॥੮
ਖੰਡ ਮੰਡਲ ਪਾਤਾਲ ਸਭ ਸੂਰਜ ਚੰਦ ਆਕਾਸ।
ਤਾਰ ਘੋਰ ਬਾਜੰਤਰਾ ਪੂਰਣ ਪਰਮ ਪ੍ਰਗਾਸ ॥ ੯
ਜੋ ਕਿਛੁ ਭੀ ਬਾਹਰ ਅਹੈ, ਸੋ ਸਭ ਅੰਤਰ ਆਹਿ।
ਸਭ ਤੇ ਊਪਰਿ ਬਾਹਰਿ ਹਰਿ ਭੀਤਰਿ ਸਮਤਾ ਤਾਹਿ॥੧੦
ਵਿਰਾਟ ਰੂਪ ਭਗਵੰਤ ਕਾ ਮੰਦਰਿ ਸਭ ਬ੍ਰਹਮੰਡ।
ਵਿਸ੍ਵ ਸਰੂਪੀ ਜੋਤ ਤਿਸ ਬਸੇ ਤਿਵੇਂ ਯਾ ਪਿੰਡ ॥ ੧੧
ਕਹੀਂ ਸੂਰਜ ਚੰਦ ਕਹੀਂ ਬ੍ਰਹਮਾ ਬਿਸ਼ਨ ਮਹੇਸ਼।
ਕਹੀਂ ਭਵਾਨੀ, ਗਣਪਤੀ,ਕਹੀਂ ਧਨੇਸ਼(੧)ਫਣੇਸ਼†॥੧੨
ਕਹੀਂ ਵਰੁਣ, ਯਮ, ਦਤ ਕਹੀ ਕਹੀਂ ਸਨਕ ਇੰਦ੍ਰਾਦ।
ਰਿਖੀ ਮੁਨੀ ਤੇ ਆਦਿ ਸਭ ਜੋ ਪਾਲਕ ਮਰਯਾਦ ॥ ੧੩
ਸਭ ਅਕਾਲ ਕੇ ਅੰਸ ਇਹ, ਬਸੈਂ ਬੀਚ ਬ੍ਰਹਮੰਡ।
ਨਿਜ ਨਿਜ ਠੌਰਨ ਕੇ ਵਿਖੇ, ਤਿਵੇਂ ਰਹੈਂ ਯਾ ਪਿੰਡ ॥੧੪

---

(੩)ਪਹੁੰਚ (੪ ਗਜਾਤ ਤਤ੍ਰ,ਸੂਝ(੫ ਅਗੰਮਨਗਰੀ,ਬਿਗੰਮ ਪੁਰਾ (੬)ਸਾਰੇ ਬ੍ਰਹਮੰਡ ਦਾ ਮਾਲਕ ਰਾਜਾ ਇਸ ਵਿਚ ਭੀ ਰਾਜ ਕੁਰ ਰਿਹਾ ਹੈ।
(੧) ਕੁਬੇਰ †ਸ਼ੇਸ਼ਨਾਗ

ਕਰਮ ਉਪਾਸਨ ਕਾਰਣੇ ਜਯੋਂ ਤਨ ਤਜਿ ਬ੍ਰਹਮ ਲੋਕ।
ਮਾਰਗ ਮੰਡਲ ਲਾਂਘਿਕੈ ਤਿਵੇਂ ਜੀਅਤਿ ਨਿਜ(੨) ਓਕ॥੧੫
ਕੋਇਕ ਪਰਮ ਸੁਭਾਗ ਨਰ ਬ੍ਰਹਮ ਗਯਾਨ ਵਸਿ ਲੀਨ।
ਦਯਾਵੰਤ ਵਿਰਲਾ ਬਡਾ ਬ੍ਰਹਮ ਨਿਜਾਤਮਿ ਚੀਨ ॥ ੧੬
ਯੇਨ ਕੇਨ(੩) ਕਰਿ ਲਭਨ ਨਹਿ ਸੁਗਮ ਯਥਾਰਥ ਗਯਾਨ।
ਤ੍ਰਿਗੁਣ ਉਪਾਸਨ ਗੂੜ ਮਤ ਤਿਹ ਦਰ ਕਰੈਂ ਬਖਾਨ॥ ੧੭
ਨਿਗਮਾਗਮ(੪) ਕੀ ਵਿਦਯਾ ਅਹੈ ਔਰ ਬਿਧ ਸੋਇ।
ਸੁਸੰਬੇਦ(੫) ਵਿਦਯਾ ਇਹੈ ਜਾਨੈ ਵਿਰਲਾ ਕੋਇ ॥੧੮
ਜੀਅਤ ਮੁਕਤਿ ਸੱਚੀ ਲਹੈ ਜੋ ਵਰਤੈ ਇਸ ਭਾਇ(੬)।
ਮਾਯਾ ਬੰਧ ਨ ਤਿੰਹ ਸਕੈ ਕਰਮ ਕਾਲ ਮਿਟ ਜਾਇ॥੧੯

ਲਲਿਤ

"ਪਿੰਡ ਬ੍ਰਹਮੰਡ ਕਾ ਇਕੋ ਠਾਣਾ, ਗੁਰ ਪਰਦਾ ਖੋਲ ਦਿਖਾਇਆ"
"ਜੋ ਬ੍ਰਹਮੰਡ ਪਿੰਡ ਸੋ ਜਾਣੋ" ਐਸਾ ਵਾਕ ਅਲਾਯਾ ॥
"ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ"।
ਅਨਿਕ ਠੌਰ ਪਰ ਗੁਰੂ ਗ੍ਰੰਥ ਜੀ ਐਸੀ ਸੀਖ ਸੁਨਾਵੈ ॥੨੦
ਪੜ੍ਹਤ ਸੁਨਤ ਸਭ ਕੋਈ ਬਚਨਾ, ਖੋਜੈ ਮਰਮ ਨ ਕੋਈ।
ਮਰਮ ਪਛਾਣ ਭਰਮ ਕੋ ਖੋਵੈ, ਐਸਾ ਜਨ ਕੋ ਹੋਈ ॥
ਖੱਪਰ ਜਯੋਂ ਬ੍ਰਹਮੰਡ ਕੋਰ ਹੈ, ਤਯੋਂ ਦਿਵਾਲ ਤਨ ਪਿੰਡਾ।
ਸੁੰਦਰ ਰਚਨਾ ਇਸ ਕੇ ਅੰਦਰ, ਬਿਮਲ(੭) ਦੇਸ ਸਚਖੰਡਾ॥੨੧

---

(੨) ਨਿਜ ਘਰ, ਸੱਤ ਪਦ (੩) ਹਾਰੀ ਸਾਰੀ ਨੂੰ ਯਥਾਰਥ ਗਯਾਨ ਸੁਖੱਲਾ ਨਹੀਂ ਹਥ ਆ ਸਕਦਾ (੪) ਬੇਦ ਸ਼ਾਸਤ੍ਰ ਦੀ (੫) ਅਨਭਉ ਦੀ ਵਿਦਯਾ (੬) ਇਸ ਰੀਤੀ ਨਾਲ (੭) ਨਿਰਮਲ

ਹਰਿਮਾਲਿਕ ਸਭ ਜਗ ਕਾ ਵਾਲੀ, ਸ਼ਹਨਸ਼ਾਹ ਪਤਿਸ਼ਾਹਾ।
ਏਕ ਸ਼ਾਹ ਹੋਰਸਭ ਵਣਜਾਰੇ,ਵਿਰਲੇਲਾਲ ਵਿਸਾਹਾ(੮)
ਸ਼ਾਹ ਮਿਲੇ ਬਿਨ ਪਤਿ ਨਹੀਂ ਰਹਿ ਹੈ,
ਗੁਰ ਬਿਨ ਗਤਿ ਨਹੀ ਪਾਈਏ।
ਬਾਤੰ ਪਰਸਿੱਧ ਸਕਲ ਜਗ ਕੇਰੀ -
ਸ਼ਾਹ ਖੋਜਿ ਵਣਜਾਈਏ ॥ ੨੨ ॥

ਦੋਹਰਾ

ਸੁਨੋ ਗੁਰਨਕੇ ਬਚਨ ਕੰ, ਚਿਤ ਦੇਇ ਕਰੋ ਬਿਬੇਕ।
ਸਭ ਬਿਰਤਾਂਤ ਘਟ ਕਾ ਲਖੋ ਮਿਟਹੇ ਭੇਦ ਅਨੇਕ॥੨੩॥
"ਮਨ ਮੰਦਿਰ ਤਨ ਸਾਜੀ ਵਾਰ (੧)
ਇਸ ਹੀ ਭੀਤਰਿ ਵਸਤੁ ਅਪਾਰ।
ਇਸ ਹੀ ਭੀਤਰਿ ਸੁਨੀਅਤ ਸਾਹੁ।
ਕਵਨ ਵਪਾਰੀ ਜਾਂਕਾ ਊਹਾਂਵਿਸਾਹੁ" ॥੨੪॥
ਹਰਿ ਮੰਦਿਰ ਮਨ ਮੰਦਿਰੋ ਅੰਦਰ ਤੇਰੇ ਯਾਰ,
ਜਿਸ ਤਨ ਹਿਤ ਪਚਿਪਚਿ ਮਰੇਸੋ ਹੈਵਾਕੀ ਵਾਰ॥੨੫॥
ਵਾੜ ਮਾਹਿ ਯਿਹ ਹੇਤੁ ਹੇ ਪਸ਼ੂ ਨ ਭੀਤਰਿ ਆਇ।
ਔਰ ਗੈਰ ਨਾਮਹਰਮੀ ਘੁਸਨਿ ਨ ਅੰਦਰਿ ਪਾਇ॥੨੬॥
ਦਰ ਕਾ ਭੇਤੀ ਹੋਇਜੋ ਮਹਰਮ ਪਿਆਰਾ (੨) ਪੀਅ,
ਦਗੜ ਰਾਹ ਅੰਦਰਿ ਲਹੇ ਹਟਕਤ ਨਹਿ ਕੋਜੀਆ॥੨੭॥
ਕੇਤਕ ਦਰ ਦਰਬਾਨ ਹੈਂ ਭੀਤਰਿ ਜਾਂਨ ਨ ਦੇਂਇ,
ਚਿੱਠੀ ਪ੍ਰਭੁ ਕੇ ਨਾਮ ਕੀ ਪੜ੍ਹ ਨਹੀ ਠਾਕੇ ਤੇਇ ॥ ੨੮ ॥

---

(੮) ਵਣਜਿਆ
(੧) ਵਾੜ (੨) ਪਿਆਰੇ ਦਾ ਪਿਆਰਾ

ਚੌਪਈ

ਕੈ ਦਰਬਾਰੀ ਸਾਖ(੪) ਭਰਾਵੇ,
ਤਬ ਸੋ ਅੰਦਰਿ ਜਾਣੇ ਪਾਵੇ।
ਵਾੜ ਮਾਹਿ ਫਸਿ ੨ ਕਰੋਂ ਮਰੋ।
ਕੇਟਕ ਦੁਖ ਕਲੇਸ ਕਰੋਂ ਭਰੋ ॥ ੨੯ ॥
ਫਾਟਕ ਪੂਛਿ ਮਹਰਮੀ ਸੇਤੀ।
ਗੁਰ ਕੀ ਸਾਖ ਭਰਾਵੋ ਛੇਤੀ।
ਢੂੰਢਭਾਲ ਕਹੀਂ ਬਾਹਰਿ ਨ ਕਰੋ।
ਹਰਿ ਮੰਦਰਿ ਘਟ ਅੰਦਰਿ ਵੜੋ॥੩੦ ॥
ਦੀਪ ਅਖੰਡ ਜਹਾਂ ਪਰ ਬਰੈ।
ਮਨ ਮੰਦਰ ਉਜਯਾਰਾ ਕਰੇ।
ਜਗ ਮਗਾਤ ਨਿਸ ਦਿਨ ਤਹਿ ਜੋਤੀ।
ਝਿਲ ਮਿਲ ਝਾਲਰ ਝਲਕੈ ਮੋਤੀ ॥੩੧ ॥
ਛਬਿ ਬਿਅੰਤ੍ਰ ਕੰਚਨ ਕਾ ਕੋਟ।
ਖਿੜਕੀ ਝਰਣੇ ਹੂੰ ਕੀ ਓਟ।
ਘੜੀ ਮਹੂਰਤ ਘੰਟਾ ਬਾਜੇ।
ਕਾਲ ਕਲਾ (੫) ਬਲ ਸੁਣਤਿਹੂੰ ਲਾਜੇ॥੩੨॥
ਕਾਲ(੧) ਅਧੀਨ ਨ ਕਾਲ ਅਧੀਨਾ।

---

(੩) ਅੰਦਰ ਲੰਘਨ ਦੀ ਟਿਕਟ, ਸਾਟੀ ਫਿਕੇਟ
(੪) ਗੁਵਾਹੀ (੫) ਕਾਲਦੀ ਸਕਤੀ (ਕਲਪਨਾ)

(੧) ਕਾਲ ਅਧੀਨ ਹੋ ਜਾਂਦਾ ਹੈ (ਉਸਦੇ) ਤੇ ਓਹ ਕਾਲ ਦੇ ਅਧੀਨ ਨਹੀਂ ਰਹਿੰਦਾ। ਜਿਹੜਾ ਕਿ ਕਾਲੇ ਤਿਲ ਦਾ ਦਰਸਨ ਕਰਕੇ ਪੱਕਾ ਹੋਗਿਆ ਹੈ ਭਾਵ ਜਿਸਦਾ ਧਯਾਨ ਉਥੇ ਪਕ ਜਾਵੇ।

